Farecracker.com
Specially Negotiated Fares

30% DISCOUNT

# FLY CHEAPER!!!

## AIR CANADA
ਦੀਆਂ ਸਸਤੀਆਂ ਟਿਕਟਾਂ

-Non-stop flights to New Delhi
-Round trips




**Special Family Airfares Call us Anytime!**

Please call us up and get a no obligatory Airfare Quote on our Business

*What's App no.*
**(732) 716-3555**
*or Call us on*
**(516) 207 1427**
*or Email us at*
**farecracker@gmail.com**

- India • Nepal • Srilanka
- Bangladesh • Pakistan
- Dubai • Abu Dhabi
- Riyadh • Europe • Bangkok
- Singapore • Kuala Lumpur
- Bali • Australia

ਚੰਡੀਗੜ੍ਹ/ਅੰਮ੍ਰਿਤਸਰ/ਦਿੱਲੀ ਦੀਆਂ ਟਿਕਟਾਂ ਤੇ ਭਾਰੀ ਛੋਟ ਅੱਜ ਹੀ ਕਾਲ ਕਰੋ ਜਾਂ *Online* ਚੈੱਕ ਕਰੋ:
*Farecracker.com*

SPECIAL DEAL
- Air Canada Non-Stop Flights from Toronto to Delhi starting at $1023
- ਏਅਰ ਕੈਨੇਡਾ ਦੀ ਨਾਨ-ਸਟਾਪ ਟਰਾਂਟੋ ਤੋ ਅੰਮ੍ਰਿਤਸਰ ਟਿਕਟਾਂ $1023 ਤੋਂ ਸ਼ੁਰੂ




Lufthansa
AIR CANADA
QATAR AIRWAYS القطرية
American Airlines
SWISS
Alitalia

## ਅੱਜ ਨਾਮਾ

ਕੱਟਣ ਆਥਣ ਦਾ ਵਕਤ ਗਿਆ ਬਣ ਸੌਖਾ,
ਜਦ ਤੋਂ ਕ੍ਰਿਕਟ ਦੀ ਲੜੀ ਪਈ ਚੱਲ ਬੇਲੀ।
ਵੱਜਣ ਅੱਠ ਫਿਰ ਟੀ ਵੀ ਸਕਰੀਨ ਮੂਹਰੇ,
ਬਹਿ ਜਾਣ ਲੋਕ ਤਾਂ ਕੁਰਸੀਆਂ ਮੱਲ ਬੇਲੀ।
ਡਿੱਗ ਰਹੀ ਬਾਲ ਜਾਂ ਜਾਣਾ ਈ ਲੱਗ ਚੌਕਾ,
ਕੈਮਰਾ ਰਹਿੰਦਾ ਗਰਾਊਂਡਾਂ ਦੇ ਵੱਲ ਬੇਲੀ।
ਫਿਰ ਵੀ ਰਹਿੰਦਾ ਧਿਆਨ ਹੈ ਸਾਰਿਆਂ ਦਾ,
ਕਰਦਾ ਕਿਸੇ ਨਾਲ ਕੋਈ ਨਹੀਂ ਗੱਲ ਬੇਲੀ।
ਹੋ ਗਿਆ ਆਊਟ ਜਾਂ ਛੁੱਟਿਆ ਗੇਂਦ ਕੋਈ,
ਪਰਵਾਰ ਦੇ ਅੰਦਰ ਕੁਮੈਂਟਰੀ ਹੋਈ ਜਾਂਦੀ।
ਹੋ ਜਾਏ ਬਾਲ ਦੀ ਬਹਿਸ ਵੀ ਇੰਝ ਤਿੱਖੀ,
ਇਹਦੇ ਵਿਚਲੀ ਨਹੀਂ ਕੌੜ ਛੁਪੋਈ ਜਾਂਦੀ।

ਤੀਸ ਮਾਰ ਖਾਂ

# ਹੁਣ ਪਹਿਲਾਂ ਵਾਂਗ ਗੁਪਤ ਢੰਗ ਨਾਲ ਡੋਨੇਸ਼ਨ ਨਹੀਂ ਲੈਂਦੇ ਲਿਬਰਲ : ਟਰੂਡੋ

ਓਟਵਾ, 30 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਅੱਜ ਦੀ ਫੈਡਰਲ ਲਿਬਰਲ ਪਾਰਟੀ ਉਸ ਤਰ੍ਹਾਂ ਦੀਆਂ ਸਿਆਸੀ ਡੋਨੇਸ਼ਨਾਂ ਨਹੀਂ ਲੈਂਦੀ ਜਿਸ ਕਾਰਨ ਐਸਐਨਸੀ-ਲਾਵਾਲਿਨ ਨੂੰ 2000 ਵਿੱਚ ਮੁਸ਼ਕਲ ਵਿੱਚ ਫਸਣਾ ਪਿਆ ਸੀ।

ਟਰੂਡੋ ਨੇ ਆਖਿਆ ਕਿ ਪਾਰਟੀ ਨੇ ਆਪਣੇ ਸਟੈਂਡਰਡ ਵਿੱਚ ਸੁਧਾਰ ਕੀਤਾ ਹੈ ਤੇ ਅਜਿਹਾ ਭਵਿੱਖ ਵਿੱਚ ਨਹੀਂ ਹੋ ਸਕੇਗਾ। ਕਿਊਬਿਕ ਸਥਿਤ ਇੰਜੀਨੀਅਰਿੰਗ ਫਰਮ 2016 ਵਿੱਚ ਕੈਨੇਡਾ ਦੇ ਚੋਣ ਕਮਿਸ਼ਨਰਜ਼ ਨਾਲ ਅਜਿਹੇ ਸਮਝੌਤੇ ਉੱਤੇ ਪਹੁੰਚੀ ਸੀ ਕਿ ਉਦੋਂ ਤੱਕ ਕੰਪਨੀ ਨੂੰ ਛੱਡ ਚੁੱਕੇ ਐਗਜ਼ੈਕਟਿਵਜ਼ ਦੂਜੇ ਇੰਪਲਾਈਜ਼ ਨੂੰ ਲਿਬਰਲ ਤੇ ਕੰਜ਼ਰਵੇਟਿਵ ਪਾਰਟੀਆਂ ਨੂੰ ਪੈਸੇ ਦੇਣ ਲਈ ਰਾਜ਼ੀ ਕਰਨਗੇ। ਇਹ ਸਮਝੌਤਾ ਉਸ ਸਮੇਂ ਜਨਤਕ ਹੋ ਗਿਆ ਸੀ ਪਰ ਅੱਜ ਸੀਬੀਸੀ ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਸੀਐਨਸੀ ਲਾਵਾਲਿਨ ਦੇ ਉਨ੍ਹਾਂ ਇੰਪਲਾਈਜ਼ ਦੇ ਨਾਂਵਾਂ ਦਾ ਖੁਲਾਸਾ ਹੋਇਆ ਜਿਨ੍ਹਾਂ ਨੂੰ ਇਲੈਕਸ਼ਨਜ਼ ਕਮਿਸ਼ਨਰਜ਼ ਇਸ



ਵਿੱਚ ਸ਼ਾਮਲ ਮੰਨਦੇ ਹਨ।

ਡੋਨਰਜ਼ ਨੂੰ ਕੰਪਨੀ ਵੱਲੋਂ ਬੋਨਸ ਦੇ ਕੇ ਉਨ੍ਹਾਂ ਦੀ ਭਰਪਾਈ ਕਰਨਾ ਚੋਣਾਂ ਸਬੰਧੀ ਨਿਯਮ ਹੁੰਦਾ ਸੀ ਜਿਹੜਾ ਕਾਰਪੋਰੇਸ਼ਨਾਂ ਨੂੰ ਸਿਆਸੀ ਡੋਨੇਸ਼ਨਾਂ ਕਰਨ ਤੋਂ ਰੋਕਦਾ ਸੀ। ਇਸ ਸਕੀਮ ਤਹਿਤ ਲਿਬਰਲਾਂ ਨੂੰ 118,000 ਡਾਲਰ ਹਾਸਲ ਹੋਏ ਜਦਕਿ ਟੋਰੀਜ਼ ਨੂੰ 8,000 ਡਾਲਰ ਹਾਸਲ ਹੋਏ। ਐਸਐਨਸੀ ਲਾਵਾਲਿਨ ਦੇ ਸੀਈਓ ਨੀਲ ਬਰੂਸ ਨੇ ਆਖਿਆ ਕਿ 2016 ਵਿੱਚ ਇਲੈਕਸ਼ਨਜ਼ ਕਮਿਸ਼ਨਰ ਨਾਲ ਕੀਤਾ ਗਿਆ ਕਰਾਰ ਇਸ ਗੱਲ ਦਾ ਸਬੂਤ ਹੈ ਕਿ ਕੰਪਨੀ ਪੁਰਾਣਾ ਪੰਨਾਂ ਪਰਤ ਚੁੱਕੀ ਹੈ।

ਮੰਗਲਵਾਰ ਨੂੰ ਟਰੂਡੋ ਨੇ ਸਰਕਾਰ ਦੀ ਹਫਤਾਵਾਰੀ ਕੈਬਨਿਟ ਮੀਟਿੰਗ ਵਿੱਚ ਆਖਿਆ ਕਿ ਇਸੇ ਤਰ੍ਹਾਂ ਲਿਬਰਲ ਪਾਰਟੀ ਵੀ ਪੁਰਾਣੀਆਂ ਗੱਲਾਂ ਪਿੱਛੇ ਹੀ ਛੱਡ ਆਈ ਹੈ। ਉਨ੍ਹਾਂ ਆਖਿਆ ਕਿ ਜਦੋਂ ਲਿਬਰਲ ਪਾਰਟੀ ਸੱਤਾ ਵਿੱਚ ਆਈ ਤੇ ਉਹ ਪਾਰਟੀ ਲੀਡਰ ਬਣੇ ਤਾਂ ਅਸੀਂ ਫੰਡਰੇਜ਼ਿੰਗ ਦੇ ਢੰਗ ਤਰੀਕਿਆਂ ਵਿੱਚ ਕਾਫੀ ਤਬਦੀਲੀਆਂ ਕੀਤੀਆਂ। ਅਸੀਂ ਪਾਰਦਰਸ਼ਤਾ ਤੇ ਖੁੱਲ੍ਹੇਪਣ ਦਾ ਰਾਹ ਅਪਣਾਇਆ ਤੇ ਹੁਣ ਇਹੋ ਜਿਹੀਆਂ ਗੱਲਾਂ ਨਹੀਂ ਵਾਪਰਦੀਆਂ। ਇਸ ਸਮਝੌਤੇ ਤਹਿਤ ਡੋਨੇਸ਼ਨਜ਼ 2004 ਤੇ 2011 ਦਰਮਿਆਨ ਕੀਤੀਆਂ ਗਈਆਂ ਜਦਕਿ ਟਰੂਡੋ 2013 ਵਿੱਚ ਲਿਬਰਲ ਆਗੂ ਬਣੇ।


## ਭਾਜਪਾ ਵਿਧਾਇਕ ਅਸੀਮ ਨੇ ਰਾਹੁਲ ਗਾਂਧੀ ਨੂੰ ਮੰਦਬੁੱਧੀ ਬੱਚਾ ਕਿਹਾ

ਅੰਬਾਲਾ, 30 ਅਪ੍ਰੈਲ (ਪੋਸਟ ਬਿਊਰੋ)- ਅੰਬਾਲਾ ਸ਼ਹਿਰ ਦੇ ਵਿਧਾਇਕ ਅਸੀਮ ਗੋਇਲ ਨੇ ਕਿਹਾ ਕਿ ਰਾਹੁਲ ਗਾਂਧੀ ਇੱਕ ਮੰਦਬੁੱਧੀ ਬੱਚੇ ਹਨ। ਇਸ ਲਈ ਉਨ੍ਹਾਂ ਦੀ ਕਿਸੇ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਸਕਦਾ।

ਕੱਲ੍ਹ ਏਥੇ ਇੱਕ ਜਸਲੇ ਵਿੱਚ ਉਨ੍ਹਾਂ ਕਿਹਾ ਕਿ ਸੋਨੀਆ ਗਾਂਧੀ ਉਨ੍ਹਾਂ ਨੂੰ ਦੇਸ਼ ਸੌਂਪਣ ਦੀ ਗੱਲ ਕਹਿੰਦੀ ਹੈ, ਜਦ ਕਿ ਉਹ ਚਾਕਲੇਟ ਅਤੇ ਲਾਲੀਪੌਪ ਲੈਣ ਦੇ ਲਾਇਕ ਹਨ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਜਦੋਂ ਭਾਜਪਾ ਵਿੱਚ ਸਨ ਤਾਂ ਉਨ੍ਹਾਂ ਨੇ ਹੀ ਰਾਹੁਲ ਗਾਂਧੀ ਨੂੰ ਸਭ ਤੋਂ ਪਹਿਲਾਂ ਪੱਪੂ ਕਿਹਾ ਸੀ, ਅੱਜ ਉਹ ਉਨ੍ਹਾਂ ਨੂੰ ਪੱਪਾ ਕਹਿਣ ਲੱਗ ਗਏ ਹਨ। ਉਨ੍ਹਾਂ ਕਿਹਾ ਕਿ ਰਾਹੁਲ ਦੇ ਬਿਆਨ ਦਾ ਲੋਕ ਮਜ਼ਾਕ ਉਡਾਉਣ ਲੱਗ ਪਏ ਹਨ। ਕਦੇ ਉਹ ਆਲੂ ਅਤੇ ਸੋਨਾ ਬਣਾਉਣ ਦੀ ਗੱਲ ਕਹਿੰਦੇ ਹਨ ਤਾਂ ਕਦੇ ਗਲਤ ਅੰਕੜੇ ਦੇ ਕੇ ਦੇਸ਼ ਨੂੰ ਗੁੰਮਰਾਹ ਕਰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਅਜਿਹੇ ਨੇਤਾ ਪ੍ਰਤੀ ਆਪਣਾ ਭਰੋਸਾ ਜ਼ਾਹਰ ਨਹੀਂ ਕਰ ਸਕਦੇ। ਉਨ੍ਹਾਂ ਨੂੰ ਦੇਸ਼ ਦੀ ਜ਼ਿੰਮੇਵਾਰੀ ਸੌਂਪਣਾ ਇੱਕ ਵੱਡਾ ਜੋਖਮ ਮੁੱਲ ਲੈਣਾ ਹੋਵੇਗਾ। ਗੋਇਲ ਨੇ ਕਿਹਾ ਕਿ ਸੱਚ ਇਹ ਹੈ ਕਿ ਦੇਸ਼ ਦੇ ਲੋਕਾਂ ਨੇ ਕਾਂਗਰਸ ਅਤੇ ਰਾਹੁਲ ਗਾਂਧੀ ਦੋਵਾਂ ਨੂੰ ਨਕਾਰ ਦਿੱਤਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਆਈ ਐੱਸ ਸਰਗਨਾ ਬਗਦਾਦੀ ਅਜੇ ਵੀ ਜ਼ਿੰਦਾ ਹੈ



ਬਗਦਾਦ, 30 ਅਪ੍ਰੈਲ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ ਐਸ) ਵੱਲੋਂ ਜਾਰੀ ਕੀਤੇ ਗਏ ਇਕ ਪ੍ਰਾਪੇਗੰਡਾ ਵੀਡੀਓ 'ਚ ਆਈ ਐਸ ਸਰਗਨਾ ਅਬੂ ਬਕਰ ਅਲ ਬਗਦਾਦੀ ਪੰਜ ਸਾਲਾਂ ਤੋਂ ਬਾਅਦ ਪਹਿਲੀ ਵਾਰ ਨਜ਼ਰ ਆਇਆ ਅਤੇ ਪਤਾ ਲੱਗਾ ਕਿ ਉਹ ਹਾਲੇ ਜ਼ਿੰਦਾ ਹੈ। ਅਜੇ ਸਪੱਸ਼ਟ ਨਹੀਂ ਹੋ ਸਕਿਆ ਕਿ ਇਹ ਵੀਡੀਓ ਕਿਸ ਸਮੇਂ ਬਣਾਈ ਗਈ ਹੈ। ਸੀਰੀਆ ਵਿੱਚ ਆਈ ਐਸ ਦੇ ਆਖਰੀ ਗੜ੍ਹ ਬਾਗੂਜ਼ ਲਈ ਲੜਾਈ ਦਾ ਬਗਦਾਦੀ ਨੇ ਭੂਤਕਾਲ 'ਚ ਜ਼ਿਕਰ ਕੀਤਾ ਹੈ। ਵੀਡੀਓ 'ਚ ਬਗਦਾਦੀ ਕਹਿੰਦਾ ਹੈ ਕਿ ਬਾਗੂਜ਼ ਲਈ ਲੜਾਈ ਖਤਮ ਹੋ ਚੁੱਕੀ ਹੈ। ਵੀਡੀਓ 'ਚ ਬਗਦਾਦੀ ਚੌਂਕੜੀ ਮਾਰ ਕੇ ਬੈਠਾ ਨਜ਼ਰ ਆ ਰਿਹਾ ਹੈ। ਉਸ ਨੂੰ ਤਿੰਨ ਆਦਮੀ ਸੁਣਦੇ ਵਿਖਾਈ ਦੇ ਰਹੇ ਹਨ, ਜਿਨ੍ਹਾਂ ਦੇ ਚਿਹਰੇ ਢੱਕੇ ਗਏ ਹਨ। ਬਗਦਾਦੀ ਦਾ ਇਹ ਵੀਡੀਓ ਅਜਿਹੇ ਸਮੇਂ 'ਚ ਸਾਹਮਣੇ ਆਇਆ ਹੈ ਜਦ ਸ੍ਰੀਲੰਕਾ 'ਚ ਇਕ ਹਫਤੇ ਪਹਿਲਾਂ ਹੋਏ ਧਮਾਕਿਆਂ ਨਾਲ ਸਾਰੀ ਦੁਨੀਆ ਸਦਮੇ 'ਚ ਹੈ। ਇਸ ਤੋਂ ਪਹਿਲਾਂ ਜੂਨ 2014 'ਚ ਬਗਦਾਦੀ ਦਾ ਵੀਡੀਓ ਸਾਹਮਣੇ ਆਇਆ ਸੀ।

# ਸੈਨੇਟ ਕਮੇਟੀ ਨੇ ਸੈਨੇਟਰ ਲਿਨ ਬੇਯਾਕ ਨੂੰ ਸਸਪੈਂਡ ਰੱਖਣ ਦੀ ਕੀਤੀ ਸਿਫਾਰਿਸ਼

ਓਟਵਾ, 30 ਅਪਰੈਲ (ਪੋਸਟ ਬਿਊਰੋ) : ਸੈਨੇਟਰਜ਼ ਲਈ ਸੈਨੇਟ ਦੀ ਐਥਿਕਸ ਐਂਡ ਕੌਨਫਲਿਕਟ ਆਫ ਇੰਟਰਸਟ ਕਮੇਟੀ ਵੱਲੋਂ ਇਹ ਸਿਫਾਰਿਸ਼ ਕੀਤੀ ਜਾ ਰਹੀ ਹੈ ਕਿ ਸੈਨੇਟਰ ਲਿਨ ਬੇਯਾਕ ਨੂੰ ਪਾਰਲੀਆਮੈਂਟ ਦੀ ਇਸ ਟਰਮ ਦੌਰਾਨ ਸੈਨੇਟ ਤੋਂ ਬਿਨਾਂ ਤਨਖਾਹ ਸਸਪੈਂਡ ਹੀ ਰੱਖਿਆ ਜਾਵੇ। ਅਜਿਹੀ ਸਿਫਾਰਿਸ਼ ਇਸ ਲਈ ਕੀਤੀ ਜਾ ਰਹੀ ਹੈ ਕਿਉਂਕਿ ਬੇਯਾਕ ਨੇ ਆਪਣੀ ਵੈੱਬਸਾਈਟ ਤੋਂ ਮੂਲਵਾਸੀ ਲੋਕਾਂ ਸਬੰਧੀ ਨਸਲੀ ਚਿੱਠੀਆਂ ਹਟਾਉਣ ਤੋਂ ਇਨਕਾਰ ਕਰ ਦਿੱਤਾ ਹੈ।

ਮੰਗਲਵਾਰ ਨੂੰ ਜਾਰੀ ਕੀਤੀ ਗਈ ਕਮੇਟੀ ਦੀ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਇਹ ਪਾਇਆ ਗਿਆ ਹੈ ਕਿ ਸੈਨੇਟਰ ਬੇਯਾਕ ਇਹ ਨਹੀਂ ਸਮਝ ਰਹੀ ਕਿ ਉਨ੍ਹਾਂ ਦੀ ਵੈੱਬਸਾਈਟ ਉੱਤੇ ਪਾਈਆਂ ਗਈਆਂ ਚਿੱਠੀਆਂ ਵਿਚਲਾ ਮਸੌਦਾ ਨਸਲੀ ਹੈ ਤੇ ਉਹ ਉਨ੍ਹਾਂ ਨੂੰ ਹਟਾਉਣ ਤੋਂ ਵੀ ਇਨਕਾਰ ਕਰ ਰਹੀ ਹੈ। ਦੂਜੇ ਪਾਸੇ ਕੁੱਝ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਤੋਂ ਇਹ ਮਤਲਬ ਤਾਂ ਨਹੀਂ ਕਿ ਉਸ ਨੂੰ ਸਸਪੈਂਡ ਕਰ ਦਿੱਤਾ ਜਾਵੇ। ਕਮੇਟੀ ਵੱਲੋਂ ਇਸ ਵਿਸ਼ੇ ਉੱਤੇ ਕਾਰਵਾਈ ਕਰਨ ਤੋਂ ਪਹਿਲਾਂ ਸੈਨੇਟ ਨੂੰ ਸਮੁੱਚੇ ਤੌਰ ਉੱਤੇ ਇਨ੍ਹਾਂ ਸਿਫਾਰਿਸ਼ਾਂ ਦੇ ਸਬੰਧ ਵਿੱਚ ਵੋਟ ਕਰਨਾ ਹੋਵੇਗਾ। ਇਸ ਪਾਰਲੀਆਮੈਂਟ ਦਾ



ਕਾਰਜਕਾਲ ਪੂਰਾ ਹੋਣ ਵਿੱਚ ਅੱਠ ਹਫਤੇ ਰਹਿ ਗਏ ਹਨ।

ਸੈਨੇਟਰ ਪੀਟਰ ਹਾਰਡਰ ਨੇ ਆਖਿਆ ਕਿ ਜੇ ਬੇਯਾਕ ਇਸ ਰਿਪੋਰਟ ਬਾਰੇ ਬੋਲਣ ਦਾ ਫੈਸਲਾ ਕਰਦੀ ਹੈ ਤਾਂ ਉਸ ਨੂੰ ਸਸਪੈਂਡ ਕੀਤੇ ਜਾਣ ਸਬੰਧੀ ਵੋਟ ਉਸ ਤੋਂ ਬਾਅਦ ਹੀ ਕਰਵਾਈ ਜਾਵੇਗੀ ਪਰ ਜੇ ਉਹ ਨਹੀਂ ਬੋਲਦੀ ਤਾਂ ਵੋਟ ਪੰਜ ਦਿਨਾਂ ਦੇ ਅੰਦਰ ਅੰਦਰ ਕੀਤੀ ਜਾ ਸਕਦੀ ਹੈ ਤੇ ਨਹੀਂ ਤਾਂ ਫਿਰ ਵੋਟ 15 ਦਿਨਾਂ ਦੇ ਅੰਦਰ ਅੰਦਰ ਲਾਜ਼ਮੀ ਕਰਨੀ ਹੋਵੇਗੀ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਉਮਾ ਭਾਰਤੀ ਦੇ ਗਲੇ ਲੱਗ ਕੇ ਸਾਧਵੀ ਪ੍ਰੱਗਿਆ ਰੋਂਦੀ ਰਹੀ

ਭੋਪਾਲ, 30 ਅਪ੍ਰੈਲ (ਪੋਸਟ ਬਿਊਰੋ)- ਇਥੋਂ ਭਾਜਪਾ ਉਮੀਦਵਾਰ ਸਾਧਵੀ ਪ੍ਰੱਗਿਆ ਠਾਕੁਰ ਕੱਲ੍ਹ ਸਵੇਰੇ ਉਮਾ ਭਾਰਤੀ ਦੇ ਗਲੇ ਲੱਗ ਕੇ ਰੋ ਪਈ। ਉਹ ਪ੍ਰਚਾਰ ਲਈ ਰਵਾਨਾ ਹੋਣ ਤੋਂ ਪਹਿਲਾਂ ਉਮਾ ਦੀ ਰਿਹਾਇਸ਼ 'ਤੇ ਉਨ੍ਹਾਂ ਨੂੰ ਮਿਲਣ ਪਹੁੰਚੀ ਸੀ। ਓਥੇ ਉਮਾ ਨੇ ਪ੍ਰੱਗਿਆ ਦੇ ਪੈਰ ਛੂਹੇ ਅਤੇ ਟਿੱਕਾ ਲਾ ਕੇ ਖੀਰ ਖੁਆਈ। ਉਮਾ ਨੇ ਭਰੋਸਾ ਦਿੱਤਾ ਕਿ ਉਹ ਸਾਧਵੀ ਦੇ ਲਈ ਪ੍ਰਚਾਰ ਕਰੇਗੀ। ਇਸ ਤੋਂ ਪਹਿਲਾਂ ਦੋਵਾਂ ਦੀ ਤਣਾਤਣੀ ਦੀਆਂ ਖਬਰਾਂ ਆਈਆਂ ਸਨ।

ਉਮਾ ਭਾਰਤੀ ਨੇ ਕਿਹਾ ਕਿ ਮੈ ਸਾਧਵੀ ਪ੍ਰਗਿਆ ਦਾ ਬਹੁਤ ਸਨਮਾਨ ਕਰਦੀ ਹਾਂ। ਮੈਂ ਉਨ੍ਹਾਂ ਉੱਤੇ ਅਤਿਆਚਾਰ ਦੇਖੇ ਹਨ। ਇਸ ਲਈ ਉਹ ਪੂਜਨੀਕ ਹਨ। ਮੈਂ ਉਨ੍ਹਾਂ ਦਾ ਪ੍ਰਚਾਰ ਕਰਾਂਗੀ। ਪ੍ਰੱਗਿਆ ਨੇ ਕਿਹਾ ਕਿ ਸਾਧੂ-ਸੰਨਿਆਸੀ ਕਦੇ ਇੱਕ-ਦੂਸਰੇ ਨਾਲ ਨਾਰਾਜ਼ ਨਹੀਂ ਹੁੰਦੇ। ਉਹ ਉਨ੍ਹਾਂ ਨੂੰ ਮਿਲਣ ਆਈ ਹੈ ਅਤੇ ਸਾਡੇ ਦੋਵਾਂ ਦੇ ਹਮੇਸ਼ਾ ਤੋਂ ਰੂਹਾਨੀ ਸੰਬੰਧ ਰਹੇ ਹਨ, ਬਾਕੀ ਗੱਲਾਂ ਸਿਆਸੀ ਪ੍ਰਪੰਚ ਲਈ ਬਣਾ ਲਈਆਂ ਜਾਂਦੀਆਂ ਹਨ। ਸ਼ਨੀਵਾਰ ਨੂੰ ਕਟਨੀ ਵਿੱਚ ਉਮਾ ਭਾਰਤੀ ਤੋਂ ਜਦ ਪੱਤਰਕਾਰਾਂ ਨੇ ਪੁੱਛਿਆ ਸੀ ਕਿ ਮੱਧ ਪ੍ਰਦੇਸ਼ ਵਿੱਚ ਕੀ ਤੁਹਾਡੀ ਥਾਂ ਸਾਧਵੀ ਪ੍ਰੱਗਿਆ ਲੈ ਚੁੱਕੀ ਹੈ ਤਾਂ ਉਮਾ ਨੇ ਕਿਹਾ ਸੀ ਕਿ ਪ੍ਰੱਗਿਆ ਮਹਾਨ ਸੰਤ ਹਨ ਤੇ ਮੈਂ ਉਨ੍ਹਾਂ ਦੇ ਮੁਕਾਬਲੇ ਕੁਝ ਵੀ ਨਹੀਂ। ਇਸ ਦੇ ਬਾਅਦ ਸਾਧਵੀ ਨੇ ਕਿਹਾ ਸੀ ਕਿ ਮੈਂ ਉਮਾ ਨੂੰ ਕਹਿਣਾ ਚਾਹੁੰਦੀ ਹਾਂ ਕਿ ਉਹ ਮੇਰਾ ਇੰਨਾ ਸਨਮਾਨ ਨਾ ਕਰਨ, ਉਹ ਮੈਥੋਂ ਵੱਡੇ ਅਤੇ ਸਨਮਾਨ ਯੋਗ ਹਨ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

PROPERTIES FOR SALE
5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms
47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਤੇ ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਪ੍ਰਕਾਸ਼ ਸਿੰਘ ਬਾਦਲ ਦੇ ਨਾਮਜ਼ਦਗੀ ਕਾਗਜ਼ ਰੱਦ



## * ਰੋਪੜ ਤੋਂ ਆਪ ਪਾਰਟੀ ਉਮੀਦਵਾਰ ਸ਼ੇਰਗਿੱਲ ਦੇ ਕਾਗਜ਼ ਵੀ ਰੱਦ



ਚੰਡੀਗੜ੍ਹ, 30 ਅਪਰੈਲ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਓਦੋਂ ਵੱਡਾ ਝਟਕਾ ਲੱਗਾ,ਜਦੋਂਜਾਂਚ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਮਜ਼ਦਗੀ ਕਾਗ਼ਜ਼ ਰੱਦ ਹੋ ਗਏ। ਪ੍ਰਕਾਸ਼ ਸਿੰਘ ਬਾਦਲ ਨੇ ਬਠਿੰਡਾ ਤੋਂਪਾਰਲੀਮੈਂਟ ਚੋਣ ਲੜ ਰਹੀ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਦੇ ਨਾਲ ਕਵਰਿੰਗ ਉਮੀਦਵਾਰ ਵਜੋਂ ਕਾਗ਼ਜ਼ ਭਰੇ ਸਨ। ਨਾਮਜ਼ਦਗੀ ਪੱਤਰਾਂ ਦੀ ਜਾਂਚ ਦੌਰਾਨ ਅੱਜ ਕੁਲ 74 ਉਮੀਦਵਾਰਾਂ ਦੇ ਕਾਗ਼ਜ਼ ਰੱਦ ਹੋਏ ਹਨ। ਇਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਾਗਜ਼ ਵੀ ਰੱਦ ਹੋਣਾ ਸ਼ਾਮਲ ਹੈ।

ਵਰਨਣ ਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਦੇ ਕਵਰਿੰਗ ਉਮੀਦਵਾਰ ਵਜੋਂ ਕਾਗ਼ਜ਼ ਦਾਖ਼ਲ ਕੀਤੇ ਸਨ ਅਤੇ ਚਰਚਾ ਸੀ ਕਿ ਹਰਸਿਮਰਤ ਕੌਰ ਦੇ ਕਾਗਜ਼ ਵਾਪਸ ਕਰਵਾ ਕੇ ਉਸ ਦੀ ਥਾਂ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਦਲ ਵੱਲੋਂ ਚੋਣ ਲੜਵਾਈ ਜਾ ਸਕਦੀ ਹੈ। ਵੱਡੇ ਬਾਦਲ ਦੇ ਕਾਗ਼ਜ਼ ਰੱਦ ਹੋਣ ਨਾਲ ਇਸ ਚਰਚਾਨੂੰ ਠੱਲ੍ਹ ਪੈ ਗਈ ਹੈ। ਪੰਜਾਬ ਦੇ ਖਜ਼ਾਨਾ ਮੰਤਰੀ ਤੇ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੇ ਦਾਅਵਾ ਕੀਤਾ ਸੀ ਕਿ ਜੋ ਹਾਲਾਤ ਬਣ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਹਰਸਿਮਰਤ ਕੌਰ ਬਾਦਲ ਦੀ ਥਾਂ ਪ੍ਰਕਾਸ਼ ਸਿੰਘ ਬਾਦਲ ਖ਼ੁਦ ਬਠਿੰਡਾ ਤੋਂ ਚੋਣ ਲੜ ਸਕਦੇ ਹਨ।ਮਨਪ੍ਰੀਤ ਸਿੰਘ ਨੇ ਕਿਹਾ ਸੀ ਕਿ ਇਹ ਇੱਕ ਸਿਆਸੀ ਚਾਲ ਹੈ ਅਤੇ ਐਨ ਮੌਕੇ ਉੱਤੇ ਹਰਸਿਮਰਤ ਕੌਰ ਬਾਦਲ ਦੀ ਥਾਂ ਵੱਡੇ ਬਾਦਲ ਮੈਦਾਨ ਵਿਚ ਆ ਸਕਦੇ ਹਨ, ਕਿਉਂਕਿ ਅਕਾਲੀ ਦਲ ਕੋਲ ਵੱਕਾਰ ਬਚਾਉਣ ਦਾ ਹੋਰ ਚਾਰਾ ਨਹੀਂ ਰਹਿ ਗਿਆ ਹੈ।

# 'ਚੌਕੀਦਾਰ ਚੋਰ ਹੈ' ਵਾਲੇ ਮੁੱਦੇ 'ਤੇ ਆਖਰ ਰਾਹੁਲ ਨੇ ਮੁਆਫ਼ੀ ਮੰਗ ਲਈ

## * ਸਿਰਫ ਅਫ਼ਸੋਸ ਕਹਿਣ ਤੋਂ ਕੋਰਟ ਖੁਸ਼ ਨਹੀਂ ਹੋਈ



ਨਵੀਂ ਦਿੱਲੀ, 30 ਅਪਰੈਲ, (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਹਵਾਲੇ ਨਾਲ 'ਚੌਕੀਦਾਰ ਚੋਰ ਹੈ' ਵਾਲਾ ਭਾਸ਼ਣ ਕਰ ਚੁੱਕੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਆਖਰ ਵਿੱਚ ਮੁਆਫ਼ੀ ਮੰਗ ਲਈ ਹੈ। ਅੱਜ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਾਂਗਰਸ ਪ੍ਰਧਾਨ ਦੇ ਅਫ਼ਸੋਸ ਜ਼ਾਹਰ ਕਰਨ ਦੇ ਢੰਗ ਉੱਤੇ ਕਾਫੀ ਨਾਰਾਜ਼ਗੀ ਜ਼ਾਹਰ ਕੀਤੀ ਤੇ ਉਨ੍ਹਾਂ ਨੂੰ ਫਿਟਕਾਰਿਆ ਤੇ ਪੁੱਛਿਆ ਕਿ ਕੀ ਅਫ਼ਸੋਸ ਜ਼ਾਹਰ ਕਰਨ ਲਈ 22 ਪੇਜ ਦਾ ਐਫੀਡੇਵਿਟ ਦਿੱਤਾ ਜਾਂਦਾ ਹੈ? ਇਸ ਤੋਂ ਬਾਅਦ ਰਾਹੁਲ ਦੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਆਪਣੇ ਕਲਾਈਂਟ ਵਲੋਂ ਮੁਆਫ਼ੀ ਮੰਗ ਲਈ।

ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਦੇ ਇਸ ਬਿਆਨ ਉੱਤੇ ਭਾਜਪਾ ਨੇਤਾ ਮੀਨਾਕਸ਼ੀ ਲੇਖੀ ਨੇ ਮਾਣਹਾਨੀ ਪਟੀਸ਼ਨ ਦਾਇਰ ਕੀਤੀ ਸੀ। ਕੇਸ ਦੀ ਸੁਣਵਾਈ ਕਰ ਰਹੇ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਸੰਜੀਵ ਖੰਨਾ ਦੀ ਬੈਂਚ ਨੇ ਕਾਂਗਰਸ ਪ੍ਰਧਾਨ ਨੂੰ ਝਾੜ ਪਾਉਂਦੇ ਹੋਏ ਉਨ੍ਹਾਂ ਦੇ ਵਕੀਲ ਨੂੰ ਕਿਹਾ ਕਿ ਬ੍ਰੈਕਿਟ ਵਿੱਚ ਅਫ਼ਸੋਸ ਜ਼ਾਹਰ ਕਰਨ ਦਾ ਕੀ ਮਤਲਬ ਹੈ? ਅਸਲ ਵਿੱਚ ਰਾਹੁਲ ਗਾਂਧੀ ਨੇ ਆਪਣੇ ਇਸ ਦੂਜੇ ਐਫੀਡੇਵਿਟ ਵਿੱਚ ਅਫ਼ਸੋਸ ਸ਼ਬਦ ਨੂੰ ਬ੍ਰੈਕਿਟ ਵਿੱਚ ਲਿਖਿਆ ਸੀ।ਕੋਰਟ ਨੇ ਕਿਹਾ ਕਿ ਰਾਹੁਲ ਗਾਂਧੀ ਬਿਆਨ ਦਿੰਦੇ ਹਨ ਤੇ ਫਿਰ ਉਸ ਦਾ ਬਚਾਅ ਕਰ ਰਹੇ ਹਨ। ਜੱਜ ਸਾਹਬਾਨ ਨੇ ਰਾਹੁਲ ਗਾਂਧੀ ਦੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਤੋਂ ਪੁੱਛਿਆ, 'ਤੁਸੀਂ ਜੋ ਕਿਹਾ ਹੈ, ਉਹ ਕਿੱਥੇ ਕਿਹਾ ਹੈ?' ਸਿੰਘਵੀ ਨੇ ਕਿਹਾ, 'ਰਾਹੁਲ ਗਾਂਧੀ ਆਪਣੀ ਗਲਤੀ ਮੰਨਦੇ ਤੇ ਇਸ ਦੀ ਮੁਆਫ਼ੀ ਮੰਗਦੇ ਹਨ।'ਉਂਜ ਪਹਿਲੀ ਵਾਰ ਰਾਹੁਲ ਗਾਂਧੀ ਦੇ ਵਕੀਲ ਨੇ ਮੁਆਫ਼ੀ ਸ਼ਬਦ ਦੀ ਵਰਤੋਂ ਕੀਤੀ ਸੀ। ਵਕੀਲ ਸਿੰਘਵੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹਵਾਲੇ ਨਾਲ 'ਚੌਕੀਦਾਰ ਚੋਰ ਹੈ' ਬਿਆਨ ਦੇਣਾ ਗਲਤ ਸੀ। ਇਸ ਸੰਬੰਧ ਵਿੱਚ ਰਾਹੁਲ ਨੇ ਕੋਰਟ ਤੋਂਆਖਰੀ ਮੌਕਾ ਮੰਗਿਆ ਤਾਂਕੋਰਟ ਨੇ ਕਿਹਾ ਕਿ ਇਹ ਅਸੀਂ ਤੈਅ ਕਰਾਂਗੇ ਕਿ ਐਫੀਡੇਵਿਟ ਨੂੰ ਸਵੀਕਾਰ ਕਰਨਾ ਹੈ ਜਾਂ ਨਹੀਂ। ਸੁਣਵਾਈ ਵੇਲੇ ਭਾਜਪਾ ਪਾਰਲੀਮੈਂਟ ਮੈਂਬਰ ਮੀਨਾਕਸ਼ੀ ਲੇਖੀ ਦੇ ਵਕੀਲ ਮੁਕੁਲ ਰੋਹਤਗੀ ਨੇ ਕੋਰਟ ਵਿੱਚ ਕਿਹਾ, 'ਉਨ੍ਹਾਂ (ਰਾਹੁਲ ਗਾਂਧੀ) ਨੇ ਜਾਣ ਬੁੱਝ ਕੇ ਸੁਪਰੀਮ ਕੋਰਟ ਦੇ ਹਵਾਲੇ ਨਾਲ ਇਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਸੀ ਅਤੇ ਅਜੇ ਉਨ੍ਹਾਂ ਨੇ ਸਿਰਫ ਅਫ਼ਸੋਸ ਜ਼ਾਹਰ ਕੀਤਾ ਹੈ, ਜਦੋਂ ਕਿ ਮਾਣਹਾਨੀ ਕੇਸਾਂਦਾ ਕਾਨੂੰਨ ਬਿਨਾਂ ਸ਼ਰਤ ਮੁਆਫ਼ੀ ਨਾਲ ਸ਼ੁਰੂ ਹੁੰਦਾ ਹੈ।'

# ਆਸਾ ਰਾਮ ਦੇ ਬੇਟੇ ਨਾਰਾਇਣ ਨੂੰ ਬਲਾਤਕਾਰ ਕੇਸ ਵਿੱਚ ਉਮਰ ਕੈਦ ਦੀ ਸਜ਼ਾ

ਸੂਰਤ, ਗੁਜਰਾਤ, 30 ਅਪਰੈਲ, (ਪੋਸਟ ਬਿਊਰੋ)- ਹਿੰਦੂ ਕਥਾ ਵਾਚਕ ਆਸਾ ਰਾਮ ਦੇ ਬੇਟੇ ਨਾਰਾਇਣ ਸਾਈਂ ਨੂੰ ਸੂਰਤ ਦੀ ਸੈਸ਼ਨ ਕੋਰਟ ਨੇ ਅੱਜ ਉਮਰ ਕੈਦ ਦੀ ਸਜ਼ਾ ਸੁਣਾਈ ਤੇ ਨਾਲ ਇਕ ਲੱਖ ਰੁਪਏ ਜੁਰਮਾਨਾ ਲਾਇਆ ਹੈ। ਇਸ ਦੇ ਨਾਲ ਨਾਰਾਇਣ ਸਾਈਂ ਦੀ ਸਾਥੀ ਸਾਧਵੀ ਗੰਗਾ ਜਮਨਾ ਨੂੰ 10 ਸਾਲ ਸਜ਼ਾ ਸੁਣਾਈ ਗਈ ਹੈ।

ਵਰਨਣ ਯੋਗ ਹੈ ਕਿ ਸੂਰਤ ਦੀ ਸੈਸ਼ਨ ਕੋਰਟ ਨੇ ਸ਼ੁੱਕਰਵਾਰ 26 ਅਪ੍ਰੈਲ ਨੂੰ ਸੂਰਤ ਦੀਆਂ ਵਸਨੀਕ 2 ਭੈਣਾਂ ਨਾਲ ਬਲਾਤਕਾਰ ਦੇ ਦੋਸ਼ ਵਿੱਚ ਨਾਰਾਇਣ ਸਾਈਂ ਨੂੰ ਦੋਸ਼ੀ ਕਰਾਰ ਦੇ ਦਿੱਤਾ ਤੇ ਦੋਸ਼ੀ ਨੂੰ ਸਜ਼ਾ ਸੁਣਾਉਣ ਲਈ 30 ਅਪ੍ਰੈਲ ਦਾ ਦਿਨ ਮਿਥਿਆ ਸੀ। ਕੋਰਟ ਦੇ ਇਸ ਫੈਸਲੇ ਵਿਰੁੱਧ ਨਾਰਾਇਣ ਸਾਈਂ ਹਾਈ ਕੋਰਟ ਜਾ ਸਕਦਾ ਹੈ। ਇਸ ਸਜ਼ਾ ਦੇ ਐਲਾਨ ਕਾਰਨ ਸੂਰਤ ਪੁਲਸ ਨੇ ਕੋਰਟ ਦੇ ਨੇੜੇ-ਤੇੜੇ ਸੁਰੱਖਿਆ ਵਾਸਤੇ ਕਿਲੇਬੰਦੀ ਕੀਤੀ ਹੋਈ ਸੀ।

ਅਸਲ ਵਿੱਚ ਪੁਲਸ ਨੇ ਪੀੜਤ ਭੈਣਾਂ ਦੇ ਬਿਆਨ ਅਤੇ ਮੌਕੇ ਉੱਤੇ ਮਿਲੇ ਸਬੂਤਾਂ ਦੇ ਆਧਾਰ ਉੱਤੇ ਨਾਰਾਇਣ ਅਤੇ ਆਸਾ ਰਾਮ ਵਿਰੁੱਧ ਕੇਸ ਦਰਜ ਕੀਤਾ ਸੀ। ਇਹ ਕੇਸ ਕਰੀਬ 11 ਸਾਲ ਪੁਰਾਣਾ ਹੈ। ਪੀੜਤ ਛੋਟੀ ਭੈਣ ਨੇ ਇੱਕ ਬਿਆਨ ਵਿੱਚ ਨਾਰ-ਾਇਣ ਸਾਈਂ ਵਿਰੁੱਧ ਠੋਸ ਸਬੂਤ ਨਾਲ ਹਰ ਲੋਕੇਸ਼ਨ ਦੀ ਪਛਾਣ ਕੀਤੀ ਤੇ ਵੱਡੀ ਭੈਣ ਨੇ ਆਸਾ ਰਾਮ ਵਿਰੁੱਧ ਕੇਸ ਦਰਜ ਕਰਾਇਆ ਸੀ। ਆਸਾ ਰਾਮ ਵਿਰੁੱਧ ਇਹ ਕੇਸ ਅਜੇ ਗਾਂਧੀਨਗਰ ਅਦਾਲਤ ਵਿੱਚ ਚੱਲ ਰਿਹਾ ਹੈ। ਨਾਰਾਇਣ ਦੇ ਵਿਰੁੱਧ ਕੋਰਟ ਵਿੱਚ 53 ਗਵਾਹਾਂ ਦੇ ਬਿਆਨ ਹੋਏ ਤਾਂ ਕਈ ਅਹਿਮ ਗਵਾਹਾਂ ਨੇ ਨਾਰਾਇਣ ਨੂੰ ਕੁੜੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਹੋਏ ਦੇਖਿਆ ਹੋਣ ਦਾ ਜ਼ਿਕਰ ਕੀਤਾ ਜਾਂ ਇਸ ਵਿੱਚ ਦੋਸ਼ੀ ਦੀ ਮਦਦ ਕਰਨ ਦੀ ਗੱਲ ਮੰਨੀ ਸੀ, ਪਰ ਬਾਅਦ ਵਿੱਚ ਉਹ ਵਾਅਦਾ ਮੁਆਫ ਗਵਾਹ ਬਣ ਗਏ। ਨਾਰਾਇਣ ਉੱਤੇ ਜੇਲ ਵਿੱਚਇਕ ਪੁਲਸ ਵਾਲੇ ਨੂੰ 13 ਕਰੋੜ ਰੁਪਏ ਦੀ ਰਿਸ਼ਵਤ ਦੇਣ ਦਾ ਵੀ ਦੋਸ਼ ਲੱਗਾ, ਪਰ ਇਸ ਕੇਸ ਵਿੱਚ ਨਾਰਾਇਣ ਨੂੰ ਜ਼ਮਾਨਤ ਮਿਲ ਗਈ ਸੀ ਅਤੇ ਬਲਾਤਕਾਰ ਦਾ ਕੇਸ ਕੋਰਟ ਵਿੱਚ ਚੱਲਦਾ ਰਿਹਾ ਹੈ।

# ਚੋਣ ਕਮਿਸ਼ਨ ਦੀ ਕਲੀਨ ਚਿੱਟ, ਮੋਦੀ ਨੇ ਚੋਣ ਜ਼ਾਬਤੇ ਦਾ ਉਲੰਘਣ ਨਹੀਂ ਕੀਤਾ

## * ਦੂਸਰੇ ਕੇਸ ਵਿੱਚ ਚੋਣ ਕਮਿਸ਼ਨ ਨੂੰ ਸੁਪਰੀਮ ਕੋਰਟ ਤੋਂ ਨੋਟਿਸ



ਨਵੀਂ ਦਿੱਲੀ, 30 ਅਪਰੈਲ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਨੂੰ ਚੋਣ ਕਮਿਸ਼ਨ ਨੇ ਗਲਤ ਕਰਾਰ ਦਿੱਤਾ ਤੇ ਕਿਹਾ ਹੈ ਕਿਪ੍ਰਧਾਨ ਮੰਤਰੀ ਨੇ ਕੋਈ ਉਲੰਘਣ ਨਹੀਂ ਕੀਤਾ।

ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਦੀ ਪ੍ਰਧਾਨਗੀ ਹੇਠ ਅੱਜ ਏਥੇ ਹੋਈ ਬੈਠਕ ਦੇ ਬਾਅਦ ਇਹ ਕਿਹਾ ਗਿਆ ਹੈ ਕਿ ਮਹਾਰਾਸ਼ਟਰ ਵਾਲੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਚੋਣ ਜ਼ਾਬਤੇ ਦਾ ਉਲੰਘਣ ਨਹੀਂ ਕੀਤਾ।ਇਸ ਬਾਰੇ ਪਿਛਲੇ ਕੁਝ ਦਿਨਾਂ ਤੋਂਬੜਾ ਵੱਡਾ ਸਿਆਸੀ ਵਿਵਾਦ ਚੱਲ ਰਿਹਾ ਸੀ ਤੇ ਕੇਸ ਸੁਪਰੀਮ ਕੋਰਟ ਤਕ ਵੀ ਗਿਆ ਸੀ। ਚੋਣ ਕਮਿਸ਼ਨ ਨੇ ਅੱਜ ਮੰਗਲਵਾਰ ਨੂੰ ਆਪਣੀ ਉੱਚ ਪੱਧਰੀ ਮੀਟਿੰਗ ਦੌਰਾਨਪ੍ਰਧਾਨ ਮੰਤਰੀਦੇ ਖ਼ਿਲਾਫ਼ ਸ਼ਿਕਾਇਤ ਦੀ ਜਾਂਚ ਕੀਤੀ ਤੇ ਉਨ੍ਹਾਂ ਉੱਤੇਲਾਏ ਗਏ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਉੱਤੇ ਦੋਸ਼ ਸੀ ਕਿ ਮਹਾਰਾਸ਼ਟਰ ਦੇ ਵਰਧਾ ਵਿੱਚ ਚੋਣ ਰੈਲੀ ਮੌਕੇ ਉਨ੍ਹਾਂ ਨੇ ਫ਼ੌਜ ਦੇ ਨਾਂ ਉੱਤੇ ਵੋਟਾਂ ਮੰਗੀਆਂ ਸਨ। ਇਸਤੋਂ ਬਾਅਦ ਉਸ ਕੇਸ ਵਿੱਚ ਉਨ੍ਹਾਂ ਖ਼ਿਲਾਫ਼ ਸ਼ਿਕਾਇਤ ਕੀਤੀ ਗਈ ਸੀ ਤਾਂ ਚੋਣ ਕਮਿਸ਼ਨ ਨੇ ਛੇਤੀ ਕਾਰਵਾਈ ਨਹੀਂ ਕੀਤੀ, ਜਿਸ ਕਾਰਨ ਮਾਮਲਾ ਸੁਪਰੀਮ ਕੋਰਟ ਵਿੱਚ ਵੀ ਗਿਆ ਸੀ ਤੇ ਅੱਜ ਚੋਣ ਕਮਿਸ਼ਨ ਨੇ ਆਪਣੇ ਆਦੇਸ਼ ਵਿੱਚ ਕਿਹਾ ਹੈ ਕਿ ਇਸ ਬਾਰੇ ਓਥੋਂ ਦੇ ਰਿਟਰਨਿੰਗ ਅਫ਼ਸਰ ਤੋਂ ਰਿਪੋਰਟ ਮੰਗੀ ਸੀ, ਜਾਂਚ ਕਰਨ ਉੱਤੇ ਪਾਇਆ ਗਿਆ ਹੈ ਕਿ ਉਨ੍ਹਾਂ ਨੇ ਇਸ ਮਾਮਲੇ ਵਿੱਚ ਕੁਝ ਵੀ ਗਲਤ ਨਹੀਂ ਕੀਤਾ।

ਇਸ ਦੌਰਾਨ ਕਾਂਗਰਸ ਪਾਰਟੀ ਦੀ ਪਾਰਲੀਮੈਂਟ ਮੈਂਬਰ ਤੇ ਮਹਿਲਾ ਵਿੰਗ ਦੀ ਪ੍ਰਧਾਨ ਸੁਸ਼ਮਿਤਾ ਦੇਵ ਦੀ ਪਟੀਸ਼ਨ ਉੱਤੇ ਸੁਣਵਾਈ ਦੇ ਬਾਅਦ ਅੱਜ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਇੱਕ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਸੁਸ਼ਮਿਤਾ ਦੇਵ ਨੇ ਪਟੀਸ਼ਨ ਵਿੱਚ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਚੋਣ ਜ਼ਾਬਤਾ ਦੀ ਉਲੰਘਣਾ ਕੀਤੀ ਹੈ। ਇਸ ਕੇਸ ਦੀ ਅਗਲੀ ਸੁਣਵਾਈ 2 ਮਈ ਨੂੰ ਹੋਵੇਗੀ।

ਸੁਸ਼ਮਿਤਾ ਦੇਵ ਵੱਲੋਂ ਪੇਸ਼ ਹੋਏ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਚੀਫ਼ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਬੈਂਚ ਨੂੰਕੇਸ ਪੇਸ਼ ਕਰਦੇ ਹੋਏ ਛੇਤੀ ਸੁਣਵਾਈ ਦੀ ਗੁਹਾਰ ਲਾਈ ਤੇ ਕਿਹਾ ਸੀ ਕਿ ਚੋਣ ਪ੍ਰਕਿਰਿਆ ਸ਼ੁਰੂ ਹੋਣ ਪਿੱਛੋਂ ਕਈ ਵਾਰ ਚੋਣ ਕਮਿਸ਼ਨ ਦਾ ਦਰ ਖੜਕਾਇਆ ਹੈ, ਪਰ ਕਮਿਸ਼ਨ ਨੇ ਇਸ ਉੱਤੇ ਕੋਈ ਕਾਰਵਾਈ ਨਹੀਂ ਕੀਤੀ। ਅੱਜ ਸੁਣਵਾਈ ਦੇ ਸ਼ੁਰੂ ਵਿੱਚ ਅਭਿਸ਼ੇਕ ਮਨੂੰ ਸਿੰਘਵੀ ਨੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦਾ ਨਾਂ ਨਹੀਂਸੀ ਲਿਆ। ਇਸ ਉੱਤੇ ਚੀਫ ਜਸਟਿਸ ਨੇ ਕਿਹਾ, 'ਤੁਸੀਂ ਸਾਫ ਨਾਂ ਕਿਉਂਨਹੀਂ ਲੈਂਦੇ। ਚੋਣ ਜ਼ਾਬਤੇ ਦੀ ਉਲੰਘਣਾ ਕੌਣ ਕਰਦਾ ਹੈ। ਤੁਸੀਂ ਸੱਪ-ਪੌੜੀ ਦਾ ਖੇਡ ਨਾ ਖੇਡੋ।'

ਵਰਨਣ ਯੋਗ ਹੈ ਕਿ ਸੁਸ਼ਮਿਤਾ ਨੇ ਦੋਸ਼ ਲਾਇਆ ਹੈ ਕਿ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਲਗਾਤਾਰ ਚੋਣ ਪ੍ਰਚਾਰ ਵਿੱਚ ਨਫ਼ਰਤ ਫੈਲਾਉਣ ਵਾਲੇ ਬਿਆਨ ਦੇਂਦੇ ਤੇ ਸਿਆਸੀ ਲੋੜਾਂ ਲਈ ਹਥਿਆਰਬੰਦ ਫ਼ੌਜ ਦੀਵਰਤੋਂ ਕਰਦੇ ਹਨ, ਜਦ ਕਿ ਚੋਣ ਕਮਿਸ਼ਨ ਨੇ ਸਾਫ ਸ਼ਬਦਾਂ ਵਿੱਚ ਇਸ ਉੱਤੇ ਪਾਬੰਦੀ ਲਾ ਰੱਖੀ ਹੈ। ਪਟੀਸ਼ਨ ਦੇ ਮੁਤਾਬਕ ਚੋਣ ਜ਼ਾਬਤੇ ਦਾ ਖੁੱਲ੍ਹਾ ਉਲੰਘਣ ਕਰ ਕੇ ਪ੍ਰਧਾਨ ਮੰਤਰੀ ਨੇ ਗੁਜਰਾਤ ਵਿੱਚ ਤੀਸਰੇ ਗੇੜ ਦੀ ਵੋਟਿੰਗ ਵਾਲੇ ਦਿਨ (23 ਅਪ੍ਰੈਲ) ਨੂੰ ਰੈਲੀ ਕੀਤੀ ਸੀ। ਸੁਸ਼ਮਿਤਾ ਨੇ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਨੇ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਘੱਟੋ-ਘੱਟ 40 ਵਾਰ ਚੋਣ ਕਮਿਸ਼ਨ ਤੱਕ ਪਹੁੰਚ ਕੀਤੀ ਹੈ, ਪਰ ਕਮਿਸ਼ਨ ਕੋਈ ਕਾਰਵਾਈ ਨਹੀਂ ਕਰ ਰਿਹਾ।

# ਆਮ ਆਦਮੀ ਪਾਰਟੀ ਨੂੰ ਛੱਡ ਗਈ ਸਟਾਰ ਪ੍ਰਚਾਰਕ ਅਮਨ ਗੋਸਲ ਵੀ ਅਕਾਲੀ ਜਾ ਬਣੀ



ਸੰਗਰੂਰ, 30 ਅਪਰੈਲ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਤੋਂ ਬਾਗੀ ਹੋ ਕੇ ਪਾਰਟੀ ਦੇ ਪੰਜਾਬ ਦੇ ਮੁਖੀ ਭਗਵੰਤ ਮਾਨ ਨਾਲ ਮੱਤਭੇਦ ਜ਼ਾਹਰ ਕਰਨ ਵਾਲੀ ਇਸ ਪਾਰਟੀ ਦੀ ਮੋਢੀ ਮੈਂਬਰ, ਸੂਬਾ ਸਕੱਤਰ ਅਤੇ ਸਟਾਰ ਪ੍ਰਚਾਰਕ ਵਜੋਂ ਕੰਮ ਕਰ ਚੁੱਕੀ ਅਮਨਦੀਪ ਕੌਰ ਗੋਸਲ ਅੱਜ ਅਕਾਲੀ ਦਲ ਵਿਚ ਸ਼ਾਮਿਲ ਹੋ ਗਈ। ਉਨ੍ਹਾਂ ਨੇ ਇਹ ਐਲਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿੱਚ ਕੀਤਾ ਹੈ।

ਬੀਬੀ ਅਮਨਦੀਪ ਕੌਰ ਗੋਸਲ ਨੇ ਇਸ ਮੌਕੇ ਦੱਸਿਆ ਕਿ ਉਹ ਸੂਬੇ ਦੇ ਸਰਬ ਪੱਖੀ ਵਿਕਾਸ ਤੇ ਸਾਫ ਸੁਥਰੇ ਰਾਜ ਦੀ ਇੱਛਾ ਨਾਲ ਆਮ ਆਦਮੀ ਪਾਰਟੀ ਨਾਲ ਜੁੜੇ ਸਨ, ਪਰ ਆਮ ਆਦਮੀ ਪਾਰਟੀ ਵਿਚ ਰਹਿ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਪਾਰਟੀ ਚਲਾਉਣ ਵਾਲਿਆਂ ਨੂੰ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ, ਸਾਰੀ ਸੀਨੀਅਰ ਲੀਡਰਸ਼ਿਪ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦੇਂਦੀ ਹੈ, ਮਿਹਨਤੀ ਆਗੂਆਂ ਤੇ ਵਰਕਰਾਂ ਦੀ ਕੋਈ ਕਦਰ ਨਹੀਂ, ਚੋਣਾਂ ਸਮੇਂ ਉਨ੍ਹਾਂ ਨੂੰ ਸਿਰਫ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਝੂਠ ਤਾਂ ਬੋਲਿਆ ਹੀ, ਥਾਂ-ਥਾਂ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਵੀ ਸ਼ਰਮਸਾਰ ਕੀਤਾ ਹੈ। ਵਰਨਣਯੋਗ ਹੈ ਕਿ ਅਮਨਦੀਪ ਕੌਰ ਗੋਸਲ ਨੇ ਕੁਝ ਦਿਨ ਪਹਿਲਾਂ ਪ੍ਰੈਸ ਕਾਨਫਰੰਸ ਦੌਰਾਨ ਭਗਵੰਤ ਮਾਨ ਉੱਤੇ ਪਾਰਟੀ ਫੰਡਾਂ ਵਿਚ ਵੱਡੇ ਘਪਲੇ ਕਰਨ ਦੇ ਦੋਸ਼ ਲਾਏ ਸਨ, ਪਰ ਉਨ੍ਹਾਂ ਦੀ ਗੱਲਨਹੀਂ ਸੁਣੀ ਗਈ। ਬੀਬੀ ਗੋਸਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿਚ ਵੱਡੇ ਪੱਧਰ ਉੱਤੇ ਵਰਕਰ ਨਿਰਾਸ਼ ਹਨ ਤੇ ਪਾਰਟੀ ਛੱਡਣ ਬਾਰੇ ਸੋਚ ਰਹੇ ਹਨ।ਉਨ੍ਹਾਂ ਨੇਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਵਿੱਚ ਵਿਕਾਸ ਹੋਇਆ ਹੋਣ ਦਾ ਦਾਅਵਾ ਕਰ ਕੇਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਦਾ ਜਿੰਨਾ ਹੁਨਰ ਸੰਗਰੂਰ ਤੋਂਪਾਰਲੀਮੈਂਟ ਲਈ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਕੋਲ ਹੈ, ਉਹ ਕਿਸੇ ਵੀ ਹੋਰ ਆਗੂ ਕੋਲ ਨਹੀਂ ਅਤੇ ਉਹ ਢੀਂਡਸਾ ਦੇ ਕੀਤੇ ਕਾਰਜਾਂ ਤੋਂ ਪ੍ਰਭਾਵਤ ਹਨ।

# ਸ੍ਰੀਲੰਕਾ ਵਿੱਚ ਰਾਸ਼ਟਰਪਤੀ ਨੇ ਪੁਲਸ ਮੁਖੀ ਸਸਪੈਂਡ ਕੀਤਾ



ਕੋਲੰਬੋ, 30 ਅਪ੍ਰੈਲ (ਪੋਸਟ ਬਿਊਰੋ)- ਸ੍ਰੀਲੰਕਾ ਦੇ ਰਾਸ਼ਟਰਪਤੀ ਮੈਤਰੀਪਲਾ ਸ੍ਰੀਸੇਨਾ ਨੇ ਦੇਸ਼ ਦੇ ਪੁਲਸ ਮੁਖੀ ਪੁਜਿਤ ਜੈਸੁੰਦਰਾ ਨੂੰ ਸਸਪੈਂਡ ਕਰ ਦਿੱਤਾ ਹੈ। ਇੰਸਪੈਕਟਰ ਜਨਰਲ ਜੈਸੁੰਦਰਾ ਨੇ ਈਸਟਰ ਬੰਬ ਧਮਾਕਿਆਂ ਦੇ ਮੱਦੇਨਜ਼ਰ ਬਣੇ ਦਬਾਅ ਦੇ ਬਾਵਜੂਦ ਅਹੁਦਾ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ।

ਸ੍ਰੀਸੇਨਾ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਜੈਸੁੰਦਰਾ ਨੇ ਅਸਤੀਫਾ ਦੇ ਦਿੱਤਾ ਹੈ, ਪਰ ਉਨ੍ਹਾਂ ਲਿਖਤੀ ਰੂਪ ਵਿੱਚ ਕੁਝ ਨਹੀਂ ਭੇਜਿਆ ਅਤੇ ਆਪਣੀ ਸਰਕਾਰੀ ਰਿਹਾਇਸ਼ ਵਿੱਚ ਰਹਿ ਰਹੇ ਹਨ। ਸੀਨੀਆਰਟੀ ਵਿੱਚ ਦੂਜੇ ਨੰਬਰ ਦੇ ਅਧਿਕਾਰੀ ਡਿਪਟੀ ਇੰਸਪੈਕਟਰ ਜਨਰਲ ਸੀ ਡੀ ਵਿਕਰਮਾਸਿੰਘੇ ਨੂੰ ਕਾਰਜਕਾਰੀ ਪੁਲਸ ਮੁਖੀ ਲਾਇਆ ਗਿਆ ਹੈ। ਪ੍ਰਧਾਨ ਮੰਤਰੀ ਰਨਿਲ ਵਿਕਰਮਾਸਿੰਘੇ ਨੇ ਕਿਹਾ ਹੈ ਕਿ ਦੇਸ਼ ਵਿੱਚੋਂ ਕੱਟੜਵਾਦ ਦੇ ਖਾਤਮੇ ਲਈ ਸਖਤ ਕਾਨੂੰਨ ਲਾਗੂ ਕੀਤੇ ਜਾਣਗੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre

Inderjit Singh

Daljit Singh

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE

30 Stafford Dr., Brampton, Tel: 905-460-1414

HEAD OFFICE: 905-874-9878

Tol Free: 1-877-799-9878, www.skydomeauto.ca

Paramjit Deol Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000 — Photo Not Available — 537 Van Kirk Dr 110: For sale Please call 905-405-8484

BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਸਿਨਸਿਨਾਟੀ ਦੇ ਸਿੱਖ ਯੂਥ ਸੀਮਪੋਜ਼ੀਅਮ 'ਚ ਬੱਚਿਆਂ ਨੇ ਭਾਰੀ ਉਤਸ਼ਾਹ ਵਿਖਾਇਆ

ਸਿਨਸਿਨਾਟੀ, ਓਹਾਇਓ : ਬੀਤੇ ਦਿਨੀਂ ਗੁਰੂ ਨਾਨਕ ਸੁਸਾਇਟੀ ਗੁਰਦੁਆਰਾ ਸਿਨਸਿਨਾਟੀ, ਓਹਾਇਓ ਵਿਚ ਸਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2019 ਸੰਬੰਧੀ ਸਥਾਨਕ ਮੁਕਾਬਲੇ ਕਰਵਾਏ ਗਏ। ਸਿਨਸਿਨਾਟੀ ਤੋਂ ਇਲਾਵਾ ਨਾਲ ਲਗਦੇ ਸ਼ਹਿਰ ਡੇਟਨ ਤੋਂ ਵੀ ਬੱਚਿਆਂ ਨੇ ਵੀ ਇਸ ਵਿਚ ਭਾਗ ਲਿਆ। ਇਸ ਸਾਲ 6 ਸਾਲ ਤੋਂ 18 ਸਾਲ ਦੇ 30 ਬੱਚਿਆਂ ਨੇ ਭਾਗ ਲਿਆ।

ਭਾਗ ਲੈਣ ਵਾਲੇ ਬੱਚਿਆ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਤਿੰਨ ਸਵਾਲਾਂ ਦੇ ਜਵਾਬ 6 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੇ ਸਾਕਾ ਚਮਕੌਰ, ਦੂਜੇ ਨੇ ਬਹਾਦਰ ਸਿਖ ਇਸਤਰੀਆਂ, ਤੀਜੇ ਨੇ ਦਸਤਾਰ, ਚੌਥੇ ਨੇ ਗੁਰਵਾਣੀ ਦੇ ਸੰਦੇਸ਼, ਤੇ ਪੰਜਵੇ ਨੇ 1984 ਦੇ ਘੱਲੂਘਾਰੇ ਸੰਬੰਧੀ ਭਾਸ਼ਨ ਦਿੱਤੇ।

ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ ਸੰਸਥਾ ਵਲੋਂ 2004 ਤੋਂ ਹਰ ਸਾਲ ਮਾਰਚ ਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿਚ ਭਾਗ ਲੈਂਦੇ ਹਨ।

ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ।

ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਨੇ ਇਸ ਸਮਾਗਮ ਵਿਚ ਭਾਗ ਲੈਂਦੇ ਹੋਏ ਆਪਣੇ ਵਲੋਂ ਵਧੀਆ ਤੋ ਵਧੀਆ ਭਾਸ਼ਣ ਤਿਆਰ ਕੀਤੇ ਅਤੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਕਿਸੇ ਪ੍ਰਤੀਯੋਗਤਾ ਵਿਚ ਭਾਗ ਲੈ ਰਹੇ ਹਨ। ਭਾਸ਼ਣ ਪ੍ਰਤੀਯੋਗਤਾ ਵਿਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਟਰਾਫੀ ਤੇ ਸਰਟੀਫਿਕੇਟ ਦਿੱਤੇ ਗਏ। ਜੇਤੂਆਂ ਵਿਚੋਂ ਹਰੇਕ ਗਰੁੱਪ ਵਿਚ ਪਹਿਲੇ ਤੇ ਦੂਜੇ ਸਥਾਨ ਤੇ ਆਉਣ ਵਾਲੇ ਬੱਚੇ 18 ਮਈ ਨੂੰ ਪਿਟਸਬਰਗ ਦੇ ਗੁਰਦੂਆਰਾ ਸਾਹਿਬ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ।



## ਸਿਰਸਾ ਡੇਰੇ ਵਾਲੇ ਸਾਧ ਨੇ ਆਪ ਦਿੱਤੇ ਸਨ ਪੰਚਕੂਲਾ ਵਿੱਚ ਹਿੰਸਾ ਫੈਲਾਉਣ ਦੇ ਆਦੇਸ਼

ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਦੇ ਮੁਖੀ ਵੱਲੋਂ ਬਲਾਤਕਾਰ ਮਾਮਲੇ ਦੇ ਫੈਸਲੇ ਸਮੇਂ ਪੰਚਕੂਲਾ ਵਿਖੇ 25 ਅਗਸਤ 2017 ਨੂੰ ਵੱਡੇ ਪੱਧਰ ਉਤੇ ਅੱਗਜਨੀ ਅਤੇ ਹਿੰਸਾ ਫੈਲਾਉਣ ਲਈ ਓਦੋਂ ਡੇਰੇ ਦੇ ਬੁਲਾਰੇ ਆਦਿਤਯਾ ਇੰਸਾਂ ਨੂੰ ਗਵਾਹ ਸੁਭਾਸ਼ ਚੰਦਰ ਦੀ ਹਾਜ਼ਰੀ ਵਿੱਚ ਹਦਾਇਤਾਂ ਦਿੱਤੀਆਂ ਸਨ।

ਇਸ ਬਾਰੇ ਰਾਕੇਸ਼ ਕੁਮਾਰ ਨੇ ਪੁਲਸ ਕੋਲ ਇਕਬਾਲੀਆ ਬਿਆਨ ਦਿੱਤਾ ਸੀ, ਜਿਸ ਵਿੱਚ ਉਸ ਨੇ ਇਹ ਮੰਨਿਆ ਕਿ ਉਸ ਦੀ ਹਾਜ਼ਰੀ ਵਿੱਚ ਡੇਰਾ ਮੁਖੀ ਨੇ ਆਦਿਤਯਾ ਇੰਸਾਂ ਨੂੰ ਦੰਗਾ ਕਰਾਉਣ ਨੂੰ ਕਿਹਾ ਸੀ। ਆਦਿਤਯ ਇੰਸਾਂ ਨੂੰ ਡੇਰਾ ਮੁਖੀ ਨੇ ਹਦਾਇਤ ਦਿੱਤੀ ਸੀ ਕਿ ਇਹ ਗੱਲ ਗੁਪਤ ਰੱਖਣੀ ਹੈ।

## ਚੋਣ ਰਿਹਰਸਲ ਤੋ ਗੈਰ ਹਾਜ਼ਰ ਰਹਿਣ ਵਾਲੇ 250 ਮੁਲਾਜ਼ਮਾਂ ਦੇ ਖ਼ਿਲਾਫ਼ ਸ਼ੋ-ਕਾਜ ਨੋਟਿਸ

ਫ਼ਿਰੋਜ਼ਪੁਰ, 30 ਅਪ੍ਰੈਲ: (ਗਿਆਨ ਸਿੰਘ): ਡਿਪਟੀ ਕਮਿਸ਼ਨਰ ਸ਼੍ਰੀ.ਚੰਦਰ ਗੈਂਦ ਨੇ 28 ਅਪ੍ਰੈਲ ਨੂੰ ਹੋਈ ਚੋਣ ਰਿਹਰਸਲ ਤੋ ਗੈਰ ਹਜ਼ਾਰ ਰਹਿਣ ਵਾਲੇ 250 ਮੁਲਾਜ਼ਮਾਂ ਦੇ ਖ਼ਿਲਾਫ਼ ਸ਼ੋ-ਕਾਜ ਨੋਟਿਸ ਜਾਰੀ ਕਰਨੇ ਕਾ ਆਦੇਸ਼ ਦਿੱਤਾ ਹੈ। ਇਹ ਨੋਟਿਸ ਪੁਲਿਸ ਵਿਭਾਗ ਦੇ ਜਰੀਏ ਭਿਜਵਾਉਣ ਲਈ ਕਿਹਾ ਗਿਆ ਹੈ ਅਤੇ ਸਬੰਧਿਤ ਮੁਲਾਜ਼ਮਾਂ ਨੂੰ ਆਪਣੇ ਜਵਾਬ ਸਮੇਤ 48 ਘੰਟਿਆਂ ਵਿਚ ਹਾਜ਼ਰ ਹੋਣ ਲਈ ਕਿਹਾ ਗਿਆ। ਡਿਪਟੀ ਕਮਿਸ਼ਨਰ ਸ਼੍ਰੀ.ਚੰਦਰ ਗੈਂਦ ਨੇ ਦੱਸਿਆ ਕਿ ਬੇ-ਵਜ੍ਹਾ ਗ਼ੈਰਹਾਜ਼ਰ ਰਹਿਣ ਵਾਲੇ ਮੁਲਾਜ਼ਮਾਂ ਦੇ ਖ਼ਿਲਾਫ਼ ਜਨ ਪ੍ਰਤੀਨਿਧਤਾ ਕਾਨੂੰਨ ਦੀ ਧਾਰਾ 134 ਦੇ ਤਹਿਤ ਐਫ.ਆਈ.ਆਰ ਦਰਜ ਕਰਵਾਈ ਜਾਵੇਗੀ, ਨਾਲ ਉਨ੍ਹਾਂ ਦੇ ਸਬੰਧਿਤ ਵਿਭਾਗ ਨੂੰ ਵਿਭਾਗੀ ਕਾਰਵਾਈ ਲਈ ਲਿਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਚੋਣ ਡਿਊਟੀ ਵਿਚ ਕਿਸੀ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸੇ ਵੀ ਲੋਕਤੰਤਰਿਕ ਰਾਸ਼ਟਰ ਵਿਚ ਚੋਣ ਕਰਵਾਉਣਾ ਇੱਕ ਬੜੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਭਾਰਤ ਦਾ ਚੋਣ ਕਮਿਸ਼ਨ ਇਸ ਮਹੱਤਵਪੂਰਨ ਕੰਮ ਲਈ ਸਿਫ਼ਰ ਸਰਕਾਰੀ ਮੁਲਾਜ਼ਮਾਂ ਅਤੇ ਅਧਿਕਾਰੀਆਂ ਉੱਤੇ ਭਰੋਸਾ ਕਰਦਾ ਹੈ। ਸਾਨੂੰ ਇਲੈੱਕਸ਼ਨ ਕਮਿਸ਼ਨ ਦੇ ਇਸ ਭਰੋਸਾ ਨੂੰ ਕਾਮਯਾਬ ਰੱਖਦੇ ਹੋਏ ਖ਼ੁਸ਼ੀ-ਖ਼ੁਸ਼ੀ ਚੋਣ ਡਿਊਟੀ ਪਰ ਹਜ਼ਾਰ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਸਮੂਹ ਮੁਲਾਜ਼ਮਾਂ ਨੂੰ ਕਿਹਾ ਕਿ ਅਗਰ ਉਹ ਬੇ-ਵਜ੍ਹਾ ਚੋਣ ਡਿਊਟੀ ਤੋ ਗੈਰ ਹਾਜ਼ਰ ਰਹਿੰਦੇ ਹਨ ਤਾਂ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਗਰ ਸਾਰੇ ਲੋਕ ਆਪਣੀ ਡਿਊਟੀ ਤੋ ਭੱਜਣ ਲੱਗੇ ਤਾਂ ਇਲੈੱਕਸ਼ਨ ਕਿਸ ਤਰ੍ਹਾਂ ਨੇਪਰੇ ਚਾੜ੍ਹਿਆ ਜਾਵੇਗਾ। 19 ਮਈ ਨੂੰ ਹੋਣ ਵਾਲੇ ਲੋਕ ਸਭਾ ਚੋਣਾ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 4800 ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀ ਇਲੈੱਕਸ਼ਨ ਡਿਊਟੀ ਲਗਾਈ ਗਈ ਹੈ, ਜੋ ਕਿ ਮਤਦਾਨ ਵਾਲੇ ਦਿਨ ਸਾਰੀ ਪ੍ਰਕਿਰਿਆ ਨੂੰ ਸਿਰੇ ਚਾੜ੍ਹੇਗਾ। ਉਨ੍ਹਾਂ ਨੇ ਕਿਹਾ ਕਿ ਮੁਲਾਜ਼ਮ ਨਿਰਧਾਰਿਤ ਸਮੇਂ ਪਰ ਚੋਣ ਡਿਊਟੀ ਦੇ ਲਈ ਰਿਪੋਰਟ ਕਰਨ ਅਤੇ ਕਿਸੇ ਵੀ ਕਿਸਮ ਦੀ ਲਾਪਰਵਾਹੀ ਨਾ ਵਰਤਣ। ਅਗਲੀ ਰਿਹਰਸਲ ਤੇ ਸਮੇਂ ਸਿਰ ਪਹੁੰਚਣ।

## OKD Field Hockey Club ਦੀ out Door ਪ੍ਰੈਕਟਸ ਦੀ ਰਾਜਿਸਟਰ ਮਈ 2 ਤੋਂ ਸ਼ੁਰੂ

**ਮੰਗਲਵਾਰ ਸ਼ਾਮ 6:30 ਤੋਂ ਸ਼ਾਮ 8:30 ਅਤੇ ਵੀਰਵਾਰ ਸ਼ਾਮ 6:30 ਤੋਂ ਸ਼ਾਮ 8:30**



OKD Field Hockey Club ਵੱਲੋਂ ਇਸ ਸਾਲ ਦੀ out Door ਦੀ ਪ੍ਰੈਕਟਸ ਮਈ 2 ਤੋ ਸ਼ੁਰੂ ਹੋਣ ਜਾ ਰਹੀ ਹੈ ਦਿਨ ਅਤੇ ਟਾਇਮ ਇਸ ਤਰਾਂ ਹਨ ਮੰਗਲਵਾਰ 6:30 8:30 ਅਤੇ ਵੀਰਵਾਰ 6:30 8:30 ਇਸ ਲਈ ਜਿਨਾਂ ਨੇ ਆਪਣੇ ਬੱਚਿਆਂ ਨੂੰ ਫੀਲਡ ਹਾਕੀ ਗੇਮ ਖਿਡਾਉਣੀ ਹੋਵੇ ਉਹ ਆਪਣੇ ਬੱਚਿੱਆ ਨੂੰ ਰਾਜਿਸਟਰ ਕਰਾ ਸਕਦੇ ਹਨ । ਓ ਕੇ ਡੀ ਫੀਲਡ ਹਾਕੀ ਕਲੱਬ ਵਿੱਚ 6 ਸਾਲ ਦੀ ਉਮਰ ਦੇ ਬੱਚਿਆ ਤੋ ਲੈ ਕੇ 19 ਸਾਲ ਦੀ ਉਮਰ ਦੇ ਬੱਚੇ ਖੇਡਦੇ ਅਤੇ ਸੀਨੀਅਰ ਟੀਮਾਂ ਵੀ ਹਨ ਲੜਕੇ ਅਤੇ ਲੜਕੀਆਂ ਦੋਨੋ




ਗਰੁੱਪ ਹਨ।ਜੇਕਰ ਕਿਸੇ ਨੇ ਆਪ ਖੇਡਣਾ ਹੋਵੇ ਜਾ ਕਿਸੇ ਨੇ ਕੋਚਿੰਕ ਕਰਨੀ ਹੋਵੇ ਅਪਣੇ ਬੱਚੇ ਰਜਿਸਟਰ ਕਰਨੇ ਹੋਣ ਤਾ ਤੁਸੀ ਪ੍ਰਧਾਨ ਗੁਰਜਿੰਦਰ ਸਿੰਘ ਨਾਲ 416-731-1602 ਤੇ ਗੱਲ ਬਾਤ ਕਰ ਸਕਦੇ ਹੋ।


# ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Also need Body Shop Mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



House for sale in Castlemore




ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative



Dhanwant Gosal
Broker


Dir: 416-562-1176
www.jagrajsekhon.com

Century 21 People's Choice Realty Inc, Brokerage

Dir: 416-277-4153
www.gosalhomes.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀ ਸੋਫਾ ਸੈਟ ਖ਼ੁਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20 Etobicoke ON, M9V 3Y6




ਨਸ਼ੇ ਚੈਕਿੰਗ ਲਈ ਬਰੈਥਲਾਈਜ਼ਰ ਟੈਸਟ

# ਚਾਰਟਰ ਚੁਣੌਤੀ ਕਰ ਸਕਦੀ ਹੈ ਪੁਲੀਸ ਦੀ ਤਾਕਤ ਨੂੰ ਦਰੁਸਤ

ਵਿਕਟੋਰੀਆ (ਬ੍ਰਿਟਿਸ਼ ਕੋਲੰਬੀਆ) ਵਾਸੀ 76 ਸਾਲਾ ਔਰਤ ਨੌਰਮਾ ਮੈਕਲਾਇਡ ਨੂੰ ਇੱਕ ਦਿਨ ਸਵੇਰ ਸਾਰ ਪੁਲੀਸ ਅਫ਼ਸਰ ਨੇ ਐਲ ਸੀ ਬੀ ਓ ਸਟੋਰ ਵਿੱਚੋਂ ਨਿਕਲਦੇ ਹੀ ਬਰੈਥਲਾਈਜ਼ਰ ਟੈਸਟ ਕਰਨ ਲਈ ਆਖਿਆ ਗਿਆ। ਨੌਰਮਾ ਮੈਕਲਾਇਡ ਹਾਲ ਵਿੱਚ ਹੀ ਮੂੰਹ ਦੇ ਕੈਂਸਰ ਨੂੰ ਸਖ਼ਤ ਮਾਤ ਦੇ ਕੇ ਹਟੀ ਹੈ ਅਤੇ ਹੁਣ ਉਹ ਫੈਡਰਲ ਲਿਬਰਲ ਸਰਕਾਰ ਦੇ ਉਸ ਕਾਨੂੰਨ ਨੂੰ ਮਾਤ ਦੇਣ ਲਈ ਮੈਦਾਨ ਵਿੱਚ ਉੱਤਰ ਆਈ ਹੈ ਜਿਸ ਤਹਿਤ ਪੁਲੀਸ ਕਿਸੇ ਵੀ ਵਿਅਕਤੀ ਦਾ ਕਿਸੇ ਵੀ ਥਾਂ ਬਿਨਾ ਕਿਸੇ ਕਾਰਣ ਤੋਂ ਬਰੈਥਲਾਈਜ਼ਰ ਟੈਸਟ ਲੈ ਸਕਦੀ ਹੈ। ਪੁਲੀਸ ਅਫ਼ਸਰ ਨੇ ਨੌਰਮਾ ਨੂੰ ਬਰੈਥਲਾਈਜ਼ਰ ਮਸ਼ੀਨ ਵਿੱਚ 9 ਵਾਰ ਸਾਹ ਦੀਆਂ ਫੂਕਾਂ ਮਾਰਨ ਲਈ ਕਿਹਾ ਪਰ ਇਹ ਬਿਮਾਰ ਬਜ਼ੁਰਗ ਮਸ਼ੀਨ ਵਿੱਚ ਸਹੀ ਤਾਕਤ ਨਾਲ ਸਾਹ ਛੱਡ ਨਾ ਸਕੀ। ਸਿੱਟੇ ਵਜੋਂ ਪੁਲੀਸ ਨੇ ਉਸਨੂੰ ਟਿਕਟ ਹੀਂ ਨਹੀਂ ਦਿੱਤੀ ਸਗੋਂ ਉਸਦੀ ਕਾਰ ਜਬ਼ਤ ਕਰ ਲਈ।

ਜਨਵਰੀ 2019 ਵਿੱਚ ਮਿਸੀਸਾਗਾ ਦੇ ਉਸ ਵਿਅਕਤੀ ਦਾ ਕੇਸ ਕਾਫੀ ਮਸ਼ਹੂਰ ਹੋਇਆ ਸੀ ਜਿਸਨੂੰ ਵੈਕਐਂਡ ਉੱਤੇ ਐਲ ਸੀ ਬੀ ਓ ਵਿੱਚੋਂ ਨਿਕਲਦੇ ਨੂੰ ਬਰੈਥਲਾਈਜ਼ਰ ਟੈਸਟ ਤੋਂ ਬਾਅਦ ਟਿਕਟ ਦੇ ਦਿੱਤੀ ਗਈ ਸੀ। ਪੁਲੀਸ ਉੱਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ ਕਿ ਕਾਰ ਵਿੱਚੋਂ ਨਿਕਲੀਆਂ ਤਿੰਨ ਦਰਜ਼ਨ ਖਾਲੀ ਬੀਅਰ ਅਤੇ 10 ਵਾਈਨ ਦੀਆਂ ਬੋਤਲਾਂ ਇਹ ਸਾਬਤ ਨਹੀਂ ਕਰਦੀਆਂ ਕਿ ਉਸਨੇ ਸ਼ਰਾਬ ਜਾਂ ਕੋਈ ਹੋਰ ਨਸ਼ਾ ਕੀਤਾ ਹੋਇਆ ਹੈ। ਉਹ ਵਿਚਾਰਾ ਤਾਂ ਹਫ਼ਤੇ ਭਰ ਵਿੱਚ ਜਮ੍ਹਾਂ ਹੋਈਆਂ ਖਾਲੀ ਬੋਤਲਾਂ ਦਾ ਬੋਝ ਐਲ ਸੀ ਬੀ ਓ ਹਲਕਾ ਕਰਨਾ ਆਇਆ ਸੀ। ਨੋਵਾ ਸਕੋਸ਼ੀਆ ਵਿੱਚ ਮਿਸ਼ੈਲ ਗਰੇਅ ਨਾਮਕ ਮੋਟਰ ਸਾਈਕਲ ਔਰਤ ਨੂੰ ਉਸਦਾ ਮੋਟਰ ਸਾਈਕਲ ਹਾਲੇ ਤੱਕ ਇਸ ਲਈ ਨਹੀਂ ਮਿਲਿਆ ਕਿਉਂਕਿ ਉਸਦੇ ਸਾਹ ਵਿੱਚ ਡਾਕਟਰ ਵੱਲੋਂ ਲਿਖੇ (prescription) ਮੈਰੀਉਆਨਾ ਦਾ ਥੋੜੀ ਮਾਤਰਾ ਮਿਲੀ ਸੀ। ਡਾਕਟਰ ਦੇ ਨੋਟ ਅਤੇ ਹੋਰ ਸਬੂਤਾਂ ਨੇ ਕੋਈ ਕਾਟ ਨਹੀਂ ਕੀਤੀ।

2018 ਵਿੱਚ ਲਿਬਰਲ ਸਰਕਾਰ ਵੱਲੋਂ ਬਿੱਲ ਸੀ 46 ਵਿੱਚ ਸੋਧਾਂ ਕੀਤੀਆਂ ਗਈਆਂ ਸੀ ਜਿਸ ਨਾਲ ਪੁਲੀਸ ਨੂੰ ਕਿਸੇ ਵੀ ਵੇਲੇ ਕਿਸੇ ਵੀ ਵਿਅਕਤੀ ਨੂੰ ਰੋਕ ਕੇ ਉਸਦਾ ਬਰੈਥਲਾਈਜ਼ਰ ਟੈਸਟ ਕਰਨ ਦੀ ਬੇਤਹਾਸ਼ਾ ਤਾਕਤ ਮਿਲ ਗਈ। ਕਾਨੂੰਨ ਦਾ ਮੰਨਿਆ ਹੋਇਆ ਸਿਧਾਂਤ ਇਹ ਰਿਹਾ ਹੈ ਕਿ ਕਿਸੇ ਵਿਅਕਤੀ ਦਾ ਬਰੈਥਲਾਈਜ਼ਰ ਕਰਨ ਲਈ ਪੁਲੀਸ ਅਫ਼ਸਰ ਨੂੰ ਇਹ ਪੱਕਾ ਸ਼ੱਕ ਹੋਣਾ ਚਾਹੀਦਾ ਹੈ ਕਿ ਉਹ ਨਸ਼ਾ ਕਰਕੇ ਵਾਹਨ ਚਲਾ ਰਿਹਾ ਹੈ। ਨਵੇਂ ਕਾਨੂੰਮ ਵਿੱਚ ਅਜਿਹੀ ਹਰ ਬੰਦਸ਼ ਖਤਮ ਹੋ ਗਈ ਹੈ ਜਿਸ ਨੂੰ ਕਈ ਲੋਕ ਪੁਲੀਸ ਰਾਜ ਕਾਇਮ ਕਰਨ ਦੀ ਸੰਗਿਆ ਦੇ ਰਹੇ ਹਨ। ਕੈਨੇਡਾ ਭਰ ਵਿੱਚੋਂ ਲੋਕੀ ਬਿੱਲ ਸੀ 46 ਨੂੰ ਚਾਰਟਰ ਦੇ ਆਧਾਰ ਉੱਤੇ ਚੁਣੌਤੀ ਦੇ ਰਹੇ ਹਨ ਤਾਂ ਜੋ ਇਸ ਸੋਧ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਜਾ ਸਕੇ। ਕਾਨੂੰਨੀ ਮਾਹਰਾਂ ਦਾ ਮੰਨਣਾ ਹੈ ਕਿ ਪੁਲੀਸ ਨੂੰ ਮਿਲੀਆਂ ਅੰਨ੍ਹੇਵਾਹ ਤਾਕਤਾਂ ਕਾਰਣ ਇਸ ਬਿੱਲ ਦਾ ਚਾਰਟਰ ਦੀ ਭਾਵਨਾ ਦੇ ਸਨਮੁਖ ਹਾਰ ਜਾਣਾ ਬਹੁਤ ਸੰਭਵ ਹੈ।

ਚੇਤੇ ਰਹੇ ਕਿ ਬਿੱਲ ਸੀ 46 ਵਿੱਚ ਹੋਈਆਂ ਤਬਦੀਲੀਆਂ ਦਾ ਪਰਮਾਨੈਂਟ ਰੈਜ਼ੀਡੈਂਟਾਂ, ਫੌਰਨ ਵਰਕਰਾਂ, ਅੰਤਰਰਾਸ਼ਟਰੀ ਵਿੱਦਿਆਰਥੀਆਂ ਉੱਤੇ ਮਾਰੂ ਅਸਰ ਪੈ ਰਿਹਾ ਹੈ। ਜੇ ਕਿਸ ਨੂੰ ਨਸ਼ਾ ਕਰਕੇ ਗੱਡੀ ਚਲਾਉਣ ਦੇ ਦੋਸ਼ ਤਹਿਤ 6 ਮਹੀਨੇ ਤੋਂ ਵੱਧ ਦੀ ਸਜ਼ਾ ਹੋ ਜਾਵੇ ਤਾਂ ਇੰਮੀਗਰੇਸ਼ਨ ਐਕਟ ਦੀ ਧਾਰਾ 36 ਮੁਤਾਬਕ ਉਹ ਵਿਅਕਤੀ ਕੈਨੇਡਾ ਵਿੱਚ ਦਾਖਲੇ ਦੇ ਅਯੋਗ ਮੰਨਿਆ ਜਾ ਸਕਦਾ ਹੈ ਅਤੇ ਡੀਪੋਰਟ ਵੀ ਕੀਤਾ ਜਾ ਸਕਦਾ ਹੈ। 2016 ਵਿੱਚ ਓਟਾਵਾ ਪੁਲੀਸ ਨੇ Traffic Stop Race Data Collection ਨਾਮਕ ਪ੍ਰੋਜੈਕਟ ਮੁਕੰਮਲ ਕੀਤਾ ਸੀ। ਇਸ ਪ੍ਰੋਜੈਕਟ ਰਾਹੀਂ ਗੱਲ ਸਾਹਮਣੇ ਆਈ ਕਿ ਘੱਟ ਗਿਣਤੀ ਫਿਰਕੇ ਨਾਲ ਸਬੰਧਿਤ ਲੋਕਾਂ ਨੂੰ ਪੁਲੀਸ ਨੇ ਲੋੜੋਂ ਵੱਧ ਵਾਰ ਰੋਕਿਆ।

ਇੰਮੀਗਰਾਂਟ ਉਹ ਗਰੁੱਪ ਹਨ ਜਿਹਨਾਂ ਨਾਲ ਲਿਬਰਲ ਸਰਕਾਰ ਵਿਸ਼ੇਸ਼ ਮੁਹੱਬਤ ਕਰਨ ਦਾ ਦਾਅਵਾ ਕਰਦੀ ਹੈ। ਕੀ ਸਰਕਾਰ ਉਸ ਦਿਨ ਦੀ ਉਡੀਕ ਕਰ ਰਹੀ ਜਿਸ ਦਿਨ ਅਦਾਲਤਾਂ ਵੱਲੋਂ ਚਾਰਟਰ ਦੀ ਚੁਣੌਤੀ ਨੂੰ ਸਵੀਕਾਰ ਕਰਕੇ ਦਰੁਸਤੀਆਂ ਕਰਨ ਲਈ ਹੁਕਮ ਦਿੱਤੇ ਜਾਣਗੇ? ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਡਬੂਲਡ ਨੇ ਤਾਂ ਕਾਨੂੰਨੀ ਸੋਧਾਂ ਹੋਣ ਦੇ ਇੱਕ ਦੋ ਦਿਨ ਬਾਅਦ ਹੀ ਕਬੂਲ ਕੀਤਾ ਸੀ ਕਿ ਇਸ ਕਾਨੂੰਨ ਨੂੰ ਚਾਰਟਰ ਦੀ ਉਲੰਘਣਾ ਲਈ ਚੁਣੌਤੀ ਦਿੱਤੀ ਜਾ ਸਕਦੀ ਹੈ। ਆਖਰਕਾਰ ਉਹ ਸਾਬਕਾ ਅਟਾਰਨੀ ਜਨਰਲ ਹੋਣ ਦੇ ਨਾਲ ਇੱਕ ਵਕੀਲ ਵੀ ਹੈ।

# ਚੀਨ ਨੇ ਦੂਜੇ ਕੈਨੇਡੀਅਨ ਨੂੰ ਦਿੱਤੀ ਸਜ਼ਾ-ਏ-ਮੌਤ

...ਪੰਨਾ 1 ਦਾ ਬਾਕੀ

ਅਦਾਲਤ ਵੱਲੋਂ ਜਾਰੀ ਬਿਆਨ ਵਿੱਚ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਕਿਸ ਵਿਅਕਤੀ ਨੂੰ ਕਿਹੜੀ ਸਜ਼ਾ ਦਿੱਤੀ ਗਈ ਤੇ ਨਾ ਹੀ ਉਨ੍ਹਾਂ ਸਾਰਿਆਂ ਦੇ ਪੂਰੇ ਨਾਂ ਹੀ ਦਿੱਤੇ ਗਏ।
ਜਿਸ ਕੈਨੇਡੀਅਨ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਉਸ ਦਾ ਨਾਂ ਫੈਨ ਵੇਈ ਸੀ ਪਰ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਉਸ ਵਿਅਕਤੀ ਦਾ ਕਾਨੂੰਨੀ ਨਾਂ ਹੈ। ਇੱਕ ਹੋਰ ਵਿਅਕਤੀ ਵੂ ਜ਼ਿਪਿੰਗ, ਜਿਸ ਦੀ ਨਾਗਰਿਕਤਾ ਦਾ ਖੁਲਾਸਾ ਨਹੀਂ ਹੋ ਸਕਿਆ, ਨੂੰ ਵੀ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਸ ਮੌਤ ਦੀ ਸਜ਼ਾ ਨਾਲ ਚੀਨ ਤੇ ਕੈਨੇਡਾ ਦਰਮਿਆਨ ਪਹਿਲਾਂ ਤੋਂ ਹੀ ਚੱਲ ਰਹੇ ਕੌੜੇ ਸਬੰਧ ਹੋਰ ਖਰਾਬ ਹੋ ਸਕਦੇ ਹਨ। ਇਹ ਸਬੰਧ ਉਦੋਂ ਤੋਂ ਵਿਗੜਨੇ ਸ਼ੁਰੂ ਹੋਏ ਸਨ ਜਦੋਂ ਕੈਨੇਡਾ ਨੇ ਪਿਛਲੇ ਸਾਲ ਦਸੰਬਰ ਵਿੱਚ ਚੀਨ ਦੀ ਟੈਕ ਐਗਜ਼ੈਕਟਿਵ ਨੂੰ ਅਮਰੀਕਾ ਦੀ ਬੇਨਤੀ ਉੱਤੇ ਗ੍ਰਿਫਤਾਰ ਕੀਤਾ ਸੀ। ਉਦੋਂ ਤੋਂ ਹੀ ਚੀਨ ਵੱਲੋਂ ਦੋ ਕੈਨੇਡੀਅਨਾਂ ਨੂੰ ਨਜ਼ਰਬੰਦ ਕੀਤਾ ਜਾ ਚੁੱਕਿਆ ਹੈ। ਇੱਥੇ ਹੀ ਬੱਸ ਨਹੀਂ ਬਦਲਾਲਊ ਕਾਰਵਾਈ ਤਹਿਤ ਚੀਨ ਨੇ ਕੈਨੇਡਾ ਐਕਸਪੋਰਟ ਵਿੱਚ ਵੀ ਦੇਰ ਕੀਤੀ।

# ਦੂਜੇ ਕੈਨੇਡੀਅਨ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਜ਼ਾਲਮਾਨਾ ਤੇ ਗੈਰਮਨੁੱਖੀ : ਫਰੀਲੈਂਡ

...ਪੰਨਾ 1 ਦਾ ਬਾਕੀ

ਇਸ ਨਾਲ ਡਿਪਲੋਮੈਟਿਕ ਤਣਾਅ ਵੀ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਅਮਰੀਕਾ ਦੀ ਬੇਨਤੀ ਉੱਤੇ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਕੈਨੇਡਾ ਵੱਲੋਂ ਗ੍ਰਿਫਤਾਰ ਕਰਨ ਤੋਂ ਬਾਅਦ ਚੀਨ ਵੱਲੋਂ ਬਦਲਾ ਲਊ ਕਾਰਵਾਈ ਤਹਿਤ ਦੋ ਕੈਨੇਡੀਅਨਾਂ ਮਾਈਕਲ ਕੋਵਰਿਗ ਤੇ ਮਾਈਕਲ ਸ਼ਪੇਵਰ ਨੂੰ ਨਜ਼ਰਬੰਦ ਕੀਤਾ ਗਿਆ। ਇਸ ਦੇ ਨਾਲ ਹੀ ਚੀਨ ਨੇ ਕੈਨੋਲਾ ਦੇ ਉਤਪਾਦਕਾਂ ਦੇ ਉਤਪਾਦਾਂ ਉੱਤੇ ਵੀ ਬੈਨ ਲਾ ਦਿੱਤਾ ਹੈ।
ਮੰਗਲਵਾਰ ਸਵੇਰੇ ਪਾਰਲੀਆਮੈਂਟ ਹਿੱਲ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਕੈਨੇਡੀਅਨ ਨੂੰ ਇਸ ਤਰ੍ਹਾਂ ਸਜ਼ਾ ਦਿੱਤੇ ਜਾਣ ਤੋਂ ਅਸੀਂ ਬਹੁਤ ਚਿੰਤਤ ਹਾਂ। ਕੈਨੇਡਾ ਦੁਨੀਆ ਭਰ ਵਿੱਚ ਕਿਸੇ ਵੀ ਥਾਂ ਉੱਤੇ ਮੌਤ ਦੀ ਸਜ਼ਾ ਦਿੱਤੇ ਜਾਣ ਦੇ ਖਿਲਾਫ ਹੈ। ਸਾਨੂੰ ਲੱਗਦਾ ਹੈ ਕਿ ਇਹ ਜ਼ਾਲਮਾਨਾਂ ਤੇ ਗੈਰਮਨੁੱਖੀ ਸਜ਼ਾ ਹੈ, ਜਿਸ ਦੀ ਵਰਤੋਂ ਕਿਸੇ ਵੀ ਦੇਸ਼ ਵੱਲੋਂ ਨਹੀਂ ਕੀਤੀ ਜਾਣੀ ਚਾਹੀਦੀ। ਉਸ ਸਮੇਂ ਸਾਡੀ ਚਿੰਤਾ ਹੋਰ ਵੱਧ ਜਾਂਦੀ ਹੈ ਜਦੋਂ ਇਸ ਤਰ੍ਹਾਂ ਦੀ ਸਜ਼ਾ ਖਾਸਤੌਰ ਉੱਤੇ ਕੈਨੇਡੀਅਨਾਂ ਨੂੰ ਦਿੱਤੀ ਜਾਵੇ।
ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਇਸ ਸਮੇਂ ਚੀਨ ਨਾਲ ਹਾਲਾਤ ਕਾਫੀ ਬਦਤਰ ਹਨ ਤੇ ਉਹ ਇਸ ਮਾਮਲੇ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ। ਸੋਮਵਾਰ ਨੂੰ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਚੀਨ ਉੱਤੇ ਦਬਾਅ ਪਾਉਣ ਦੀ ਪ੍ਰਧਾਨ ਮੰਤਰੀ ਟਰੂਡੋ ਤੋਂ ਮੰਗ ਕੀਤੀ ਸੀ। ਇਸ ਦੇ ਨਾਲ ਹੀ ਜਲਦ ਤੋਂ ਜਲਦ ਉੱਥੇ ਨਵਾਂ ਅੰਬੈਸਡਰ ਨਿਯੁਕਤ ਕਰਨ ਤੇ ਕਿਸਾਨਾ ਲਈ ਮਦਦ ਦੀ ਵੀ ਸ਼ੀਅਰ ਵੱਲੋਂ ਮੰਗ ਕੀਤੀ ਗਈ ਸੀ।

# ਸੋਸ਼ਲ ਮੀਡੀਆ ’ਤੇ ਵਿਅਕਤੀ ਨੂੰ ਚੋਣ ਜਾਬਤੇ ਦੀ ਉਲੰਘਣਾ ਕਰਨ ਦੇ ਸਬੰਧ ’ਚ ਨੋਟਿਸ ਭੇਜਿਆ ਜਾ ਸਕਦੈ : ਰਾਮਵੀਰ

ਪਠਾਨਕੋਟ, 30 ਅਪ੍ਰੈਲ (ਗਿਆਨ ਸਿੰਘ): ਮਾਣਯੋਗ ਭਾਰਤ ਚੋਣ ਕਮਿਸ਼ਨ ਦੇ ਆਦੇਸ਼ਾਂ ਅਨੁਸਾਰ ਸੋਸ਼ਲ ਮੀਡੀਆ ਤੇ ਕੋਈ ਵੀ ਵਿਅਕਤੀ ਆਪਣੇ ਅਕਾਉਂਟ ਤੋਂ ਕਿਸੇ ਵੀ ਪਾਰਟੀ ਦੇ ਪ੍ਰਚਾਰ ਦੇ ਲਈ ਜਾਂ ਚੋਣ ਸਰਵੇ ਦੇ ਲਈ ਕੋਈ ਵੀ ਪੋਸਟ ਨਾ ਕਰੇ, ਜਿਸ ਨਾਲ ਕਿਸੇ ਦੀ ਭਾਵਨਾਂ ਨੂੰ ਠੇਸ ਪਹੁੰਚੇ, ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਸੋਸ਼ਲ ਮੀਡੀਆ ਅਕਾਉਂਟ ਚਲਾਉਂਣ ਵਾਲੇ ਵਿਅਕਤੀ ਨੂੰ ਚੋਣ ਜਾਬਤੇ ਦੀ ਉਲੰਘਣਾ ਕਰਨ ਦੇ ਸਬੰਧ ਵਿੱਚ ਨੋਟਿਸ ਭੇਜਿਆ ਜਾ ਸਕਦਾ ਹੈ। ਇਹ ਪ੍ਰਗਟਾਵਾ ਰਾਮਵੀਰ ਆਈ.ਏ.ਐਸ., ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਪਠਾਨਕੋਟ ਨੇ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਪਾਰਟੀ /ਉਮੀਦਵਾਰ ਨੂੰ ਸੋਸ਼ਲ ਮੀਡੀਆ ਤੇ ਕੁਝ



ਵੀ ਪੋਸਟ ਕਰਨ ਤੋਂ ਪਹਿਲਾ ਜਿਲ੍ਹਾ ਚੋਣ ਅਧਿਕਾਰੀ ਤੋਂ ਪ੍ਰਵਾਨਗੀ ਲੈਣੀ ਹੋਵੇਗੀ।
ਉਨ੍ਹਾਂ ਦੱਸਿਆ ਕਿ ਸੋਸ਼ਲ ਮੀਡੀਆ ਦੇ ਪ੍ਰਯੋਗ ਕਰਨ ਲਈ ਬਣਾਏ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਮੀਦਵਾਰ ਨੂੰ ਨਾਮਜਦਗੀ ਪੱਤਰ ਦਾਖਲ ਕਰਦੇ ਸਮੇਂ ਆਪਣੇ ਫੇਸ ਬੁੱਕ, ਟਵੀਟਰ, ਇਨਸਟਾਗ੍ਰਾਮ , ਯੂ ਟਿਊਬ ਅਕਾਉਂਟ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਆਪਣੀਆਂ ਗਤੀਵਿਧੀਆਂ ਨੂੰ ਪੂਰਾ ਕਰਨ ਦੇ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀ ਪੂਰੀ ਜਾਣਕਾਰੀ ਦੇਣੀ ਜਰੂਰੀ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਫਤਿਹਗੜ੍ਹ ਸਾਹਿਬ ਤੋਂ ਆਪ ਪਾਰਟੀ ਨੇ ਬੰਨੀ ਦੂਲੋ ਨੂੰ ਉਮੀਦਵਾਰ ਬਣਾਇਆ

ਫਤਿਹਗੜ੍ਹ ਸਾਹਿਬ, 30 ਅਪ੍ਰੈਲ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਫਤਿਹਗੜ੍ਹ ਸਾਹਿਬ ਸੀਟ ਤੋਂ ਉਮੀਦਵਾਰ ਤੀਸਰੀ ਵਾਰ ਬਦਲ ਕੇ ਹਰਬੰਸ ਕੌਰ ਦੀ ਜਗ੍ਹਾ ਉਨ੍ਹਾਂ ਦੇ ਪੁੱਤਰ ਬਨਦੀਪ ਸਿੰਘ ਉਰਫ ਬੰਨੀ ਨੂੰ ਟਿਕਟ ਦਿੱਤੀ ਹੈ। ਬੰਨੀ ਦੂਲੋ ਇੱਕ ਦਿਨ ਪਹਿਲਾਂ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਸ ਨੇ ਆਪਣੀ ਮਾਤਾ ਤੋਂ ਅਸ਼ੀਰਵਾਦ ਹਾਸਰਲ ਕਰ ਕੇ ਆਪਣਾ ਨਾਮਜ਼ਦਗੀ ਪੱਤਰ ਭਰਿਆ ਹੈ।
ਨਾਮਜ਼ਦਗੀ ਪੱਤਰ ਭਰਨ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬੰਨੀ ਦੂਲੋ ਨੇ ਕਿਹਾ ਕਿ ਕਾਂਗਰਸ ਅਮੀਰਾਂ ਦੇ ਕਾਕਿਆਂ ਦੀ ਪਾਰਟੀ ਹੈ, ਜਿੱਥੇ ਪਾਰਟੀ ਦੇ ਪੁਰਾਣੇ ਵਫਾਦਾਰ ਅਤੇ ਮਿਹਨਤੀ ਵਰਕਰਾਂ ਦੀ ਕੋਈ ਇੱਜ਼ਤ ਨਹੀਂ। ਉਨ੍ਹਾਂ ਨੇ ਕਿਹਾ ਕਿ ਲੱਗਦਾ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਉਨ੍ਹਾਂ ਦੇ ਪਰਵਾਰ ਨਾਲ ਕੋਈ ਵੈਰ ਹੈ, ਜਿਸ ਕਾਰਨ ਉਨ੍ਹਾਂ ਦੇ ਪਰਵਾਰ ਨੂੰ ਹਮੇਸ਼ਾ ਅਣਗੌਲਿਆ ਕੀਤਾ ਜਾਂਦਾ ਹੈ। ਵਰਨਣ ਯੋਗ ਹੈ ਕਿ ਸਭ ਤੋਂ ਪਹਿਲਾਂ ਆਪ ਨੇ ਬਲਜਿੰਦਰ ਸਿੰਘ ਚੌਂਦਾ ਨੂੰ ਆਪਣਾ ਉਮੀਦਵਾਰ ਬਣਾਇਆ ਸੀ। ਫਿਰ ਕਾਂਗਰਸ ਪਾਰਲੀਮੈਂਟ ਮੈਂਬਰ ਸ਼ਮਸ਼ੇਰ ਦੂਲੋ ਦੀ ਪਤਨੀ ਹਰਬੰਸ ਕੌਰ ਦੂਲੋ ਨੂੰ ਉਮੀਦਵਾਰ ਬਣਾਇਆ ਸੀ। ਅਖੀਰ ਪਾਰਟੀ ਨੇ ਹਰਬੰਸ ਕੌਰ ਦੂਲੋ ਦੇ ਬਜਾਏ ਉਨ੍ਹਾਂ ਬੇਟੇ ਬਨਦੀਪ ਨੂੰ ਉਮੀਦਵਾਰ ਐਲਾਨ ਕਰ ਕੇ ਉਨ੍ਹਾਂ ਤੋਂ ਨਾਮਜ਼ਦਗੀ ਪੱਤਰ ਭਰਵਾਇਆ ਹੈ।

# ਨਕਸਲੀਆਂ ਨੇ ਲੋਕ ਅਦਾਲਤ ਲਾ ਕੇ 5 ਬੰਦੇ ਮਾਰੇ, 31 ਪਰਿਵਾਰਾਂ ਨੂੰ ਪਿੰਡ ਤੋਂ ਕੱਢਿਆ

ਨਾਰਾਇਣਪੁਰ, 30 ਅਪਰੈਲ, (ਪੋਸਟ ਬਿਊਰੋ)- ਛੱਤੀਸਗੜ੍ਹ ਰਾਜ ਦੇ ਅਬੁਝਮਾੜ ਵਿੱਚ ਨਕਸਲੀਆਂ ਨੇ ਕਿਧਰੇ ਜਨਤਕ ਅਦਾਲਤ ਲਾ ਕੇ ਉਸ ਪਿੰਡ ਦੇ ਪੰਜ ਲੋਕਾਂ ਨੂੰ ਮਾਰ ਦਿੱਤਾ ਹੈ। ਨਕਸਲੀਆਂ ਨੂੰ ਸ਼ੱਕ ਸੀ ਕਿ ਇਹ ਲੋਕ ਮੁਖ਼ਬਰੀ ਦਾ ਕੰਮ ਕਰਦੇ ਹਨ। ਇਹੀ ਨਹੀਂ, ਨਕਸਲੀਆਂ ਨੇ 8 ਪਿੰਡਾਂ ਦੇ 31 ਪਰਿਵਾਰਾਂ ਨੂੰ ਵੀ ਪਿੰਡਤੋਂ ਕੱਢ ਦਿੱਤਾ ਹੈ। ਪ੍ਰਸ਼ਾਸਨ ਨੇ ਹਾਲ ਦੀ ਘੜੀ ਇਨ੍ਹਾਂ ਪਿੰਡ ਵਾਸੀਆਂ ਨੂੰ ਸਕੱਤਰੇਤ ਦੇ ਇਲਾਕੇ ਵਿੱਚ ਆਰਜ਼ੀਸ਼ਰਣ ਦਿੱਤੀ ਹੈ।
ਮਿਲੀ ਜਾਣਕਾਰੀ ਅਨੁਸਾਰ ਛੱਤੀਸਗੜ੍ਹ ਦੇ ਧੁਰ ਨਕਸਲੀ ਖੇਤਰ ਕਹਾਉਣ ਵਾਲੇ ਅਬੁਝਮਾੜ ਵਿੱਚ ਨਕਸਲੀਆਂ ਨੇ ਇਸ ਪਿੰਡ ਦੇ ਪੰਜ ਲੋਕਾਂ ਨੂੰ ਮਾਰ ਦਿੱਤਾ ਹੈ। ਨਕਸਲੀਆਂ ਨੇ ਉਨ੍ਹਾਂ ਉੱਤੇਪੁਲਿਸ ਦਾ ਮੁਖਬਰ ਹੋਣ ਦਾ ਦੋਸ਼ ਲਾਉਂਦੇ ਹੋਏ ਇਸ ਪਿੰਡ ਦੇ ਹੋਰ ਵੀ ਕਈ ਲੋਕਾਂ ਨੂੰ ਕੁੱਟਿਆ ਤੇ 8 ਪਿੰਡਾਂ ਵਿੱਚੋਂ 31 ਪਰਿਵਾਰਾਂ ਨੂੰ ਬਾਹਰ ਕੱਢ ਦਿੱਤਾ। ਇਕ ਨਕਸਲੀ ਉੱਤੇ ਆਤਮ-ਸਮਰਪਣ ਕਰਨ ਦਾ ਦੋਸ਼ ਲਾ ਕੇ ਉਸ ਦੀ ਵੀ ਕੁੱਟਮਾਰ ਕੀਤੀ ਗਈ ਸੀ। ਬਾਅਦ ਵਿੱਚ ਇਹ ਪੀੜਤ ਲੋਕ ਨੇੜੇ ਥਾਣੇ ਪਹੁੰਚੇ ਅਤੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ।
ਅੱਜ ਮੰਗਲਵਾਰ ਨੂੰ ਜ਼ਿਲ੍ਹਾ ਸਕੱਤਰੇਤ ਪਹੁੰਚੇ ਇਨ੍ਹਾਂ ਪਿੰਡ ਵਾਸੀਆਂ ਨੇ ਐੱਸ ਪੀ ਨਾਲ ਮਿਲ ਕੇ ਆਪ-ਬੀਤੀ ਦੱਸੀ ਤੇ ਮਦਦ ਦੀ ਬੇਨਤੀ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਨੇ ਇਨ੍ਹਾਂ ਲੋਕਾਂ ਨੂੰ ਹਾਲ ਦੀ ਘੜੀ ਮਾੜੀਆ ਸਮਾਜ ਦੇ ਭਵਨ ਵਿਚਰਹਿਣ ਲਈ ਥਾਂ ਦਿੱਤੀਹੈ, ਜਿੱਥੇ ਇਹ ਲੋਕ ਖੁੱਲ੍ਹੇ ਆਸਮਾਨਹੇਠ ਸੌਣ ਅਤੇ ਰਹਿਣ ਨੂੰ ਮਜ਼ਬੂਰ ਹਨ। ਇਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਵੀ ਹਨ। ਪੀੜਤ ਪਿੰਡ ਵਾਸੀਆਂ ਨੇ ਦੱਸਿਆ ਕਿ ਨਕਸਲੀਆਂ ਨੇ ਕਦੇਰ ਵਿੱਚ ਜਨਤਕ ਅਦਾਲਤ ਲਾ ਕੇ ਲਖਮਾਤੇ ਪਾਰਸ ਨੂੰ ਬੇਰਹਿਮੀ ਨਾਲ ਕੁੱਟ ਕੇ ਮਾਰ ਦਿੱਤਾ। ਫਿਰ ਇਹ ਨਕਸਲੀ 5 ਕਿਲੋਮੀਟਰ ਦੂਰ ਟਾਹਾਕਾਡੋਂਡ ਪਹੁੰਚੇ ਅਤੇ ਓਥੋਂ ਦੇ 2 ਨੌਜਵਾਨਾਂ ਪਾਂਡੂ ਤੇ ਮੰਗਲੂ ਉੱਤੇ ਮੁਖ਼ਬਰੀ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਮਾਰ ਦਿੱਤਾ। ਤੀਸਰੀ ਘਟਨਾ ਬਾਰੇ ਮ੍ਰਿਤਕ ਦੀ ਪਤਨੀ ਗੋਰੇ ਵੱਡੇ ਨੇ ਦੱਸਿਆ ਕਿ ਨਕਸਲੀਆਂ ਨੇ ਉਸ ਦੇ ਪਤੀ ਉੱਤੇ ਪੁਲਿਸ ਦਾ ਮੁਖਬਰ ਹੋਣ ਦਾ ਦੋਸ਼ ਲਾਇਆ ਅਤੇ ਉਸ ਨੂੰ ਫੜ ਕੇ ਲੈ ਗਏ ਤੇ ਫਿਰ ਪਿੰਡ ਵਿੱਚ ਜਨਤਕ ਅਦਾਲਤ ਲਾ ਕੇ ਮਾਰ ਦਿੱਤਾ।
ਇਨ੍ਹਾਂ ਪਿੰਡ ਵਾਸੀਆਂ ਨੇ ਦੱਸਿਆ ਕਿ ਨਕਸਲੀ ਕੇਡਰ ਵਿੱਚ ਫੇਰਬਦਲ ਹੋਣ ਤੋਂ ਬਾਅਦ ਉਨ੍ਹਾਂ ਨੇ ਬਹੁਤ ਸਾਰੇ ਨਵੇਂ ਚਿਹਰੇ ਦੇਖੇ ਹਨ। ਪਤਾ ਲੱਗਾ ਹੈ ਕਿ ਕਈ ਨਕਸਲੀ ਹੋਰਨਾਂ ਰਾਜਾਂ ਤੋਂ ਆਏ ਹਨ ਅਤੇ ਉਨ੍ਹਾਂ ਨੇ ਮੇਟਾਨਾਰ, ਤੁੜਕੋ, ਟਾਡੋਬੇੜਾ, ਤੁਮਿਰਾਦੀ, ਕਦੇਰ, ਬ੍ਰਹਬੇੜਾ, ਟਾਹਕਾਡੋਂਡ ਤੇ ਗਰਪਾ ਦੇ ਪਿੰਡ ਵਾਸੀਆਂ ਨੂੰ ਪਿੰਡਤੋਂ ਬੇਦਖਲ ਕਰ ਦਿੱਤਾ ਹੈ। ਇਸ ਦੌਰਾਨ ਟਾਹਕਾਡੋਂਡ ਪਿੰਡ ਦੇ ਸੰਨੂੰ ਨੂੰ ਪੁਲਿਸ ਕੋਲ ਜਾ ਕੇ ਆਤਮ-ਸਮਰਪਣ ਕਰਨ ਦੇ ਦੋਸ਼ ਹੇਠ ਫੜ ਕੇ ਨਕਸਲੀ ਆਗੂ ਜੰਗਲ ਵੱਲ ਲੈ ਗਏ, ਪਰ ਉਹ ਭੱਜ ਨਿਕਲਿਆ। ਪੁਲਸ ਦਾ ਕਹਿਣਾ ਹੈ ਕਿਪੀੜਤ ਲੋਕਾਂ ਦੀ ਰਿਪੋਰਟ ਦੇ ਆਧਾਰ ਉੱਤੇ ਨਕਸਲੀਆਂ ਦੇ ਖ਼ਿਲਾਫ਼ ਸ਼ਿਕਾਇਤ ਦਰਜ ਕੀਤੀ ਗਈ ਹੈ।























# ਵਿਅੰਗ

## ਲੱਕ ਟੁਣੂੰ ਟੁਣੂ

-ਪ੍ਰਿੰਸੀਪਲ ਬਲਦੇਵ ਸਿੰਘ ਆਜ਼ਾਦ

''ਵੋਟਾਂ ਵਾਲੇ ਆਉਣਗੇ-ਲੱਕ ਟੁਣੂੰ ਟੁਣੂੰ, ਲਾਰੇ ਲੱਪੇ ਲਾਉਣਗੇ-ਲੱਕ ਟੁਣੂੰ ਟੁਣੂੰ, ਪੱਲੇ ਕੁਝ ਨਾ ਪਾਉਣਗੇ-ਲੱਕ ਟੁਣੂੰ ਟੁਣੂੰ, ਕੁਰਸੀ ਤੇ ਆਸਣ ਲਾਉਣਗੇ-ਲੱਕ ਟੁਣੂੰ ਟੁਣੂੰ, ਫੇਰ ਨਾ ਮੂੰਹ ਦਿਖਾਉਣਗੇ-ਲੱਕ ਟੁਣੂੰ ਟੁਣੂੰ, ਵੋਟਾਂ ਵਾਲੇ ਆਉਣਗੇ-ਲੱਕ ਟੁਣੂੰ ਟੁਣੂੰ।'' ਕੰਤਾ ਫੌਜੀ ਸੱਥ ਦੀ ਚੁੰਡ 'ਚ ਪਏ ਖੁੰਢ 'ਤੇ ਬੈਠਾ ਉਚੀ-ਉਚੀ ਆਪਣੀਆਂ ਰਾਗਣੀਆਂ ਕੱਢੀ ਜਾ ਰਿਹਾ ਸੀ।

''ਲੱਗਦੈ, ਫੌਜੀ ਨੂੰ ਅੱਜ ਫਿਰ ਕਮਲ ਛੁੱਟਿਐ।'' ਤਾਊ ਕੈਲਾ ਕੰਤੇ ਫੌਜੀ ਦੀਆਂ ਰਾਗਣੀਆਂ ਬਾਰੇ ਆਪਣਾ ਇਹ ਪ੍ਰਤੀਕਰਮ ਪ੍ਰਗਟ ਕਰਦਾ ਹੈ।

''ਵੈਸੇ ਤਾਊ ਸਿਹਾਂ, ਗੱਲਾਂ ਤਾਂ ਕੰਤੇ ਫੌਜੀ ਦੀਆਂ ਸੋਲਾਂ ਆਨੇ ਸਹੀ ਹਨ। ਆਹ ਵੇਖ ਲੈ ਹਾਲਾਤ ਕਿੰਨੇ ਮਾੜੇ ਹਨ, ਪਰ ਕਿਸੇ ਨੇ ਲੋਕਾਂ ਦੀ ਸਾਰ ਨਹੀਂ ਲਈ। ਕਰਜ਼ਾਈ ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ ਕਰੀ ਜਾ ਰਹੇ ਹਨ। ਬੇਰੋਜ਼ਗਾਰੀ ਦੇ ਸਤਾਏ ਨੌਜਵਾਨ ਨਸ਼ਿਆਂ 'ਚ ਪੈ ਜ਼ਿੰਦਗੀਆਂ ਖਤਮ ਕਰੀ ਜਾ ਰਹੇ ਹਨ। ਕਿਸੇ ਧੀ-ਭੈਣ ਦੀ ਇੱਜ਼ਤ ਸੁਰੱਖਿਅਤ ਨਹੀਂ। ਸਾਰੇ ਪਾਸੇ ਰਿਸ਼ਵਤ ਦਾ ਬੋਲਬਾਲਾ ਹੈ। ਪੇਟ ਭਰਨ ਲਈ ਲੋਕਾਂ ਨੂੰ ਦੋ ਵੇਲੇ ਰੋਟੀ ਨਸੀਬ ਨਹੀਂ ਹੋ ਰਹੀ, ਪਰ ਜਿਵੇਂ ਜਿਵੇਂ ਵੋਟਾਂ ਦਾ ਸਮਾਂ ਨੇੜੇ ਆ ਰਿਹਾ ਹੈ, ਤਿਵੇਂ-ਤਿਵੇਂ ਸਾਰੇ ਨੇਤਾ ਆਪਣੇ ਮਹਿਲਾਂ 'ਚੋਂ ਨਿਕਲ ਲੋਕਾਂ ਨਾਲ ਨੇੜਤਾ ਵਿਖਾਉਣ ਲੱਗ ਪਏ ਹਨ। ਕੋਈ ਬੁਲਾਵੇ ਜਾਂ ਨਾ ਬੁਲਾਵੇ, ਉਨ੍ਹਾਂ ਦੇ ਵਿਆਹ ਦੇ ਸਮਾਗਮਾਂ 'ਚ ਸ਼ਾਮਲ ਹੋ ਰਹੇ ਹਨ। ਅੰਤਿਮ ਅਰਦਾਸ ਦੀਆਂ ਸ਼ੋਕ ਸਮਾਗਮਾਂ 'ਚ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕਰ ਰਹੇ ਹਨ। ਵੱਡੇ ਵੱਡੇ ਬੋਰਡਾਂ 'ਤੇ ਆਪਣੀਆਂ ਤਸਵੀਰਾਂ ਛਪਵਾ ਕੇ ਹਰ ਗਲੀ ਮੁਹੱਲੇ 'ਚ ਲਵਾ ਰਹੇ ਹਨ ਅਤੇ ਆਪੋ-ਆਪਣੇ ਜਮੂਰਿਆਂ ਦੀ ਫੌਜ ਨਾਲ ਲੈ ਕੇ ਲੰਮੀਆਂ-ਲੰਮੀਆਂ ਯਾਤਰਾਵਾਂ ਕਰ ਕੇ ਭੋਲੇ ਲੋਕਾਂ ਨੂੰ ਭਰਮਾ ਰਹੇ ਹਨ।'' ਘੁਣਤਰੀ ਕੰਤੇ ਫੌਜੀ ਦੀਆਂ ਰਾਗਣੀਆਂ ਨੂੰ ਵਿਸਥਾਰ ਦਿੰਦਾ ਹੈ।

''ਆਹ ਤੇਰੀਆਂ ਯਾਤਰਾਵਾਂ ਤੋਂ ਯਾਦ ਆਇਐ, ਪਿੱਛੇ ਜਿਹੇ ਇਕ ਹਰਮਨ ਪਿਆਰੇ ਨੇਤਾ ਜੀ ਨੇ ਆਪਣੀ ਕ੍ਰਾਂਤੀ ਯਾਤਰਾ ਸੰਪੂਰਨ ਕੀਤੀ ਐ। ਇਹ ਭਲਾ ਕੀ ਕ੍ਰਾਂਤੀ ਲਿਆਉਣੀ ਚਾਹੁੰਦੇ ਨੇ ਬਈ?'' ਤਾਊ ਕੈਲਾ ਮਸਲੇ ਦੀ ਜੜ੍ਹ ਫੜਨੀ ਚਾਹੁੰਦਾ ਹੈ।

''ਤਾਊ ਸਿਹਾਂ, ਕਿਹੜੀ ਕ੍ਰਾਂਤੀ ਲਿਆਉਣੀ ਆਂ ਇਨ੍ਹਾਂ ਨੇ, ਇਹ ਕ੍ਰਾਂਤੀ ਲਿਆਉਣਗੇ ਘਪਲਿਆਂ ਦੀ, ਹੇਰਾਫੇਰੀਆਂ ਦੀ, ਚੋਰੀਆਂ ਦੀ, ਡਾਕਿਆਂ ਦੀ, ਭੁੱਖਾਂ ਦੀ, ਫਾਕਿਆਂ ਦੀ।''

ਕ੍ਰਾਂਤੀ ਲਿਆਉਣੀ ਆਂ ਇਨ੍ਹਾਂ ਨੇ, ਹਾਂ, ਜਿਹੜੇ ਇਨ੍ਹਾਂ ਦੇ ਖਜ਼ਾਨੇ ਕੁਰਸੀ ਖੁੱਸਣ ਤੋਂ ਬਾਅਦ ਪੰਜ ਸਾਲਾਂ ਦੌਰਾਨ ਥੋੜ੍ਹੇ-ਘਣੇ ਊਣੇ ਹੋਏ ਸਨ, ਉਹ ਦੁਬਾਰਾ ਕੁਰਸੀ 'ਤੇ ਬਿਰਾਜਮਾਨ ਹੁੰਦਿਆਂ ਹੀ ਫਿਰ ਨੱਕੋ-ਨੱਕ ਭਰ ਜਾਣਗੇ। ਲੋਕਾਂ ਦਾ ਕੀ ਐ, ਇਨ੍ਹਾਂ ਨੇ ਭੁੱਖੇ ਤਿਹਾਏ ਹੈਂਅ ਈ ਵਿਲਕਦੇ ਰਹਿਣੈ। ਨੇਤਾਵਾਂ ਦੀ ਕ੍ਰਾਂਤੀ ਕੁਰਸੀ 'ਤੇ ਬੈਠਦੇ ਸਾਰ ਆ ਜੂ, ਪਰ ਲੋਕਾਂ ਦੀ ਕ੍ਰਾਂਤੀ ਹਜੇ ਬਹੁਤ ਦੂਰ ਐ...।'' ਘੁਣਤਰੀ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਤਾਊ ਕੈਲੇ ਅੱਗੇ ਕਰ ਦਿੰਦਾ ਹੈ।

''ਵੋਟਾਂ ਵਾਲੇ ਆਉਣਗੇ-ਲੱਕ ਟੁਣੂੰ ਟੁਣੂੰ, ਸਤਿਆਂ ਨੂੰ ਸਤਾਉਣਗੇ-ਲੱਕ ਟੁਣੂੰ-ਟੁਣੂੰ, ਕੁਰਸੀ ਨੂੰ ਜੱਫਾ ਪਾਉਣਗੇ-ਲੋਕ ਟੁਣੂੰ ਟੁਣੂੰ, ਫੇਰ ਨਾ ਮੂੰਹ ਵਿਖਾਉਣਗੇ-ਲੱਕ ਟੁਣੂੰ ਟੁਣੂੰ...।'' ਕੰਤਾ ਫੌਜੀ ਧੀਮੀਂ ਸੁਰ 'ਚ ਅਜੇ ਵੀ ਗੁਣਗੁਣਾਈ ਜਾ ਰਿਹਾ ਸੀ।

''ਯਾਰ ਘੁਣਤਰੀ ਸਿਹਾਂ, ਸਾਡੇ ਨੇਤਾ ਵੀ ਦੇਸ਼ ਭਗਤੀ ਦੀਆਂ ਗੱਲਾਂ ਕਰਨ ਲੱਗ ਪਏ ਹਨ। ਅੱਜਕੱਲ੍ਹ ਇਹ ਥਾਂ-ਥਾਂ ਕਹਿੰਦੇ ਫਿਰਦੇ ਹਨ ਅਖੇ ਅਸੀਂ ਦੇਸ਼ ਭਗਤਾਂ ਦੇ ਸੁਫਨੇ ਸਾਕਾਰ ਕਰਾਂਗੇ, ਉਨ੍ਹਾਂ ਦੇ ਸੁਫਨਿਆਂ ਦਾ ਦੇਸ਼ ਬਣਾਵਾਂਗੇ, ਸਮਾਜਵਾਦ ਲੈ ਕੇ ਆਵਾਂਗੇ, ਲੋਕ ਮੌਜਾਂ ਕਰਨਗੇ, ਤੁਸੀਂ ਇਸ ਵਾਰ ਸਾਨੂੰ ਵੋਟਾਂ ਪਾਓ, ਕੁਰਸੀ 'ਤੇ ਬਹਾਓ, ਫੇਰ ਵੇਖਿਓ ਸਾਡੇ ਹੱਥ...।'' ਸਮਾਜਵਾਦ ਦਾ ਨਾਂਅ ਸੁਣਦਿਆਂ ਹੀ ਤਾਊ ਕੈਲੇ ਦੇ ਚਿਹਰੇ 'ਤੇ ਲਾਲੀ ਡੁਲ੍ਹਕਾਂ ਮਾਰਨ ਲੱਗ ਪੈਂਦੀ ਹੈ।

''ਤਾਊ ਸਿਹਾਂ, ਇਨ੍ਹਾਂ ਨੇ ਦੇਸ਼ ਭਗਤਾਂ ਦੇ ਸੁਫਨਿਆਂ ਨੂੰ ਕਾਹਦਾ ਸਾਕਾਰ ਕਰਨੈ। ਦੇਸ਼ ਭਗਤਾਂ ਦਾ ਨਾਂਅ ਲੈਣਾ ਤਾਂ ਇਨ੍ਹਾਂ ਦੀ ਮਜਬੂਰੀ ਐ। ਸਾਲ ਬਾਅਦ ਲੋਕ ਲੱਜ ਲਈ ਉਨ੍ਹਾਂ ਦੇ ਬੁੱਤਾਂ ਦਿਆਂ ਗਲ ਹਾਰ ਪਾ ਆਪਣੇ ਲੰਬੇ-ਲੰਬੇ ਭਾਸ਼ਣ ਦੇ ਆਉਂਦੇ ਹਨ ਤੇ ਫਿਰ ਮਹਿਲਾਂ 'ਚ ਜਾ ਘੁਰਾੜੇ ਮਾਰਦੇ ਹਨ। ਇਹ ਭਲਾ ਦੇਸ਼ ਭਗਤਾਂ ਦਿਆਂ ਸੁਫਨਿਆਂ ਨੂੰ ਕਿਵੇਂ ਸਾਕਾਰ ਕਰ ਸਕਦੇ ਹਨ? ਅਰਬਾਂ-ਖਰਬਾਂ ਰੁਪਿਆਂ ਦੇ ਮਾਲਕ ਹਨ। ਬਾਹਰਲੇ ਦੇਸ਼ਾਂ ਦੇ ਬੈਂਕ ਇਨ੍ਹਾਂ ਦੇ ਕਾਲੇ ਧਨ ਨਾਲ ਨੱਕੋ-ਨੱਕ ਭਰੇ ਪਏ ਹਨ। ਕੀ ਇਹ ਆਪਣੀ ਅਰਬਾਂ-ਖਰਬਾਂ ਦੀ ਰਾਸ਼ੀ ਲੋਕਾਂ ਨੂੰ ਵੰਡਣ ਲਈ ਤਿਆਰ ਹੋ ਜਾਣਗੇ? ਨਹੀਂ ਨਾ? ਫੇਰ ਭਲਾ ਦੇਸ਼ ਭਗਤਾਂ ਦੇ ਸੁਫਨੇ ਕਿਵੇਂ ਸਾਕਾਰ ਹੋਣਗੇ? ਇਹ ਤਾਂ ਤਾਊ ਸਿਹਾਂ ਦੇਸ਼ ਭਗਤਾਂ ਦੇ ਨਾਂਅ 'ਤੇ ਆਪੋ-ਆਪਣੀਆਂ ਰੋਟੀਆਂ ਸੇਕਦੇ ਹਨ। ਜਿੱਦਣ ਕੁਰਸੀ 'ਤੇ ਬਿਰਾਜਮਾਨ ਹੋ ਗਏ ਫੇਰ ਤੂੰ ਕੌਣ ਤੇ ਮੈਂ ਕੌਣ। ਇਨ੍ਹਾਂ ਨੇ ਦੇਸ਼ ਭਗਤਾਂ ਤੋਂ ਭਲਾ ਟਾਟਾਂ ਲੈਣੀਆਂ ਨੇ। ਇਹ ਤਾਂ ਸਾਰੀ ਫਕਵੰਜਬਾਜ਼ੀ ਐ ਤਾਊ ਸਿਹਾਂ...।'' ਘੁਣਤਰੀ ਦੇਸ਼ ਭਗਤਾਂ ਪ੍ਰਤੀ ਝੂਠਾ ਪਿਆਰ ਵਿਖਾਉਣ ਵਾਲੇ ਨੇਤਾਵਾਂ ਦਾ ਅਸਲੀ ਚਿਹਰਾ ਨੰਗਾ ਕਰਦਾ ਹੈ।


''ਯਾਰ, ਕੰਤੇ ਫੌਜੀ ਦੀ ਗੱਲ ਤੋਂ ਯਾਦ ਆਇਆ, ਅੱਜ ਆਪਣੇ ਨੇੜਲੇ ਪਿੰਡ ਮੰਤਰੀ ਜੀ ਬੜੀਆਂ ਗਰਾਂਟਾਂ ਦੇ ਕੇ ਗਏ ਐ। ਕਿਤੇ ਬੁਢਾਪਾ ਪੈਨਸ਼ਨਾਂ ਦਾ ਮੀਂਹ ਵਰ੍ਹਾਤਾ। ਕਿਤੇ ਗਰੀਬਾਂ ਲਈ ਮਕਾਨਾਂ ਦਾ ਹੜ੍ਹ ਲਿਆਤਾ। ਕਿਤੇ ਧਰਮਸ਼ਾਲਾਵਾਂ ਬਣਾਉਣ ਦਾ ਝੱਖੜ ਝੁਲਾਤਾ। ਕਿਤੇ ਕਬਰਾਂ ਦੀ ਚਾਰਦੀਵਾਰੀ ਲਈ ਚੈੱਕਾਂ ਦਾ ਚੱਕਰ ਚਲਾਤਾ। ਮੈਂ ਆਹਨਾਂ ਜੀ ਮੰਤਰੀ ਨੇ ਗਰਾਂਟਾਂ ਵਾਲੀ ਬਹਿਜਾ ਬਹਿਜਾ ਕਰਾਤੀ। ਜਿਹਨੇ ਗਰਾਂਟ ਦੀ ਮੰਗ ਕੀਤੀ, ਮੰਤਰੀ ਜੀ ਨੇ ਉਹਦੇ ਹੱਥ ਚੈੱਕ ਪਕੜਾਤਾ। ਮੰਤਰੀ ਜੀ ਇਹ ਵੀ ਕਹਿੰਦੇ ਸਨ ਅਖੇ ਭਰਾਓ ਅਸੀਂ ਆਉਂਦਿਆਂ ਮਹੀਨਿਆਂ 'ਚ ਵਿਕਾਸ ਦੀ ਹਨੇਰੀ ਲਿਆ ਦਿਆਂਗੇ। ਬੇਰੋਜ਼ਗਾਰਾਂ ਨੂੰ ਨੌਕਰੀਆਂ 'ਤੇ ਲੁਆ ਦਿਆਂਗੇ। ਵੀਹ-ਵੀਹ ਵਰ੍ਹਿਆਂ ਦੇ ਕਾਕਿਆਂ ਦੀਆਂ ਬੁਢਾਪਾ ਪੈਨਸ਼ਨਾਂ ਲੁਆ ਦਿਆਂਗੇ। ਪਿੰਡ-ਪਿੰਡ ਨੂੰ ਕੈਲਫੋਰਨੀਆ ਬਣਾ ਦਿਆਂਗੇ। ਬਸ, ਤੁਸੀਂ ਸਾਡੇ 'ਤੇ ਆਪਣੀ ਨਿਗ੍ਹਾ ਸਵੱਲੀ ਰੱਖਿਓ...।'' ਤਾਊ ਕੈਲਾ ਨੇਤਾ ਜੀ ਦੀ ਦਰਿਆਦਿਲੀ 'ਤੇ ਹੈਰਾਨੀ ਪ੍ਰਗਟ ਕਰਦਾ ਹੈ।

''ਤਾਊ ਸਿਹਾਂ, ਇਹ ਸਭ ਵੋਟਾਂ ਲੈਣ ਦਾ ਡਰਾਮਾ ਐ। ਪਹਿਲਾਂ ਸਾਢੇ ਚਾਰ ਸਾਲ ਵਿਕਾਸ ਦੀ ਹਨੇਰੀ ਕਿੱਥੇ ਗਈ ਸੀ? ਪਹਿਲਾਂ ਮੰਤਰੀ ਜੀ ਨੇ ਲੋਕਾਂ ਦੀ ਸਾਰ ਨਹੀਂ ਲਈ। ਜਦ ਵੋਟਾਂ ਸਿਰ 'ਤੇ ਆ ਗਈਆਂ ਤਾਂ ਵਿਕਾਸ ਦੀਆਂ ਹਨੇਰੀਆਂ ਝੁੱਲਣ ਲੱਗ ਪਈਆਂ। ਬੁਢਾਪਾ ਪੈਨਸ਼ਨਾਂ ਲੱਗਣ ਲੱਗ ਪਈਆਂ। ਗਰੀਬਾਂ ਦੇ ਕੱਚੇ ਮਕਾਨ ਪੱਕਿਆਂ 'ਚ ਤਬਦੀਲ ਹੋਣ ਲੱਗ ਪਏ ਹਨ। ਲੋਕਾਂ ਦੀ ਨਰਕ ਵਰਗੀ ਜ਼ਿੰਦਗੀ ਨੂੰ ਸਵਰਗ 'ਚ ਤਬਦੀਲ ਕਰਨ ਦੀਆਂ ਟਾਹਰਾਂ ਵੱਜਣ ਲੱਗ ਪਈਆਂ ਹਨ।'' ਤਾਊ ਸਿਹਾਂ, ਜਿੱਦਣ ਵੋਟਾਂ ਪੈ ਗਈਆਂ ਤੇ ਇਹ ਮੰਤਰੀ ਫਿਰ ਤੋਂ ਕੁਰਸੀ 'ਤੇ ਬਿਰਾਜਮਾਨ ਹੋ ਗਏ- ਇਹ ਵਿਕਾਸ ਦੀ ਹਨੇਰੀ ਕਿਤੋਂ ਲੱਭਿਆਂ ਨਹੀਂ ਲੱਭਣੀ...।'' ਘੁਣਤਰੀ ਨੇਤਾ ਜੀ ਦੇ ਅਖੌਤੀ ਵਿਕਾਸ ਮੰਡਲ ਨੂੰ ਲੀਰੋ-ਲੀਰ ਕਰਦਾ ਹੈ।

''ਵੋਟਾਂ ਵਾਲੇ ਆਉਣਗੇ-ਲੱਕ ਟੁਣੂੰ ਟੁਣੂੰ, ਲਾਰੇ-ਲੱਪੇ ਲਾਉਣਗੇ-ਲੱਕ ਟੁਣੂੰ ਟੁਣੂੰ, ਲੋਕਾਂ ਨੂੰ ਵਰਚਾਉਣਗੇ-ਲੱਕ ਟੁਣੂੰ ਟੁਣੂੰ, ਕੁਰਸੀ ਨੂੰ ਹੱਥ ਪਾਉਣਗੇ-ਲੱਕ ਟੁਣੂੰ ਟੁਣੂੰ, ਫੇਰ ਨਾ ਮੂੰਹ ਵਿਖਾਉਣਗੇ-ਲੱਕ ਟੁਣੂੰ ਟੁਣੂੰ, ਵੋਟਾਂ ਵਾਲੇ ਆਉਣਗੇ-ਲੱਕ ਟੁਣੂੰ ਟੁਣੂੰ...।'' ਕੰਤਾਂ ਫੌਜੀ ਅਜੇ ਵੀ ਸੱਥ 'ਚ ਬੈਠਾ ਉਚੀ ਸੁਰ 'ਚ ਗਾਈ ਜਾ ਰਿਹਾ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224


# ਰਾਣੀ ਝਾਂਸੀ ਰਜਮੈਂਟ ਦੀ ਹੀਰੋ- ਜਾਬਾਜ਼ ਬਹਾਦਰ ਕੈਪਟਨ ਡਾ. ਲਕਸ਼ਮੀ ਸਹਿਗਲ

ਰਾਜਿੰਦਰ ਕੌਰ ਚੋਹਕਾ



''ਰਾਣੀ ਝਾਂਸੀ ਰਜਮੈਂਟ ਦੀ ਹੀਰੋ ਅਤੇ ਦੇਸ਼ ਦੀ ਅਜ਼ਾਦੀ ਦੀ ਲੜਾਈ ਦੀ ਦੀਵਾਨੀ ਲਕਸ਼ਮੀ ਸਹਿਗਲ'' ਦਾ ਜਨਮ 24-ਸਤੰਬਰ 1914 ਨੂੰ, 'ਪਿਤਾ ''ਐਸ.ਸਵਾਮੀਨਾਥਨ'' ਜੋ ਇੱਕ ਉੱਘੇ ਵਕੀਲ ਤੇ ਮਦਰਾਸ ਹਾਈ ਕੋਰਟ ਵਿੱਚ ਵਕੀਲ ਸਨ। ਮਾਤਾ ਏ.ਵੀ. ''ਅਮੂ ਕੁੱਟੀ'' ਜੋ ਇੱਕ ਸਮਾਜ ਸੇਵਕਾ, ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੀ ਜਿਸ ਨੂੰ ਅਮੂ ਸਵਾਮੀਨਾਥਨ ਵੀ ਕਿਹਾ ਜਾਂਦਾ ਸੀ, ਦੇ ਘਰ ਮਦਰਾਸ ਵਿਖੇ ਹੋਇਆ। ਅਮੂ ਕੁੱਟੀ ਨਈਅਰ ਪ੍ਰੀਵਾਰ ਦੇ ਇੱਕ ਅਮੀਰ ਘਰ ਦੀ ਧੀ ਸੀ ਅਤੇ ਪਿਤਾ ਬ੍ਰਾਹਮਣ ਪ੍ਰੀਵਾਰ ਚੋਂ ਸੀ। ਨਈਅਰ ਪ੍ਰੀਵਾਰ ਦੀ ਪ੍ਰੰਪਰਾ ਸੀ, 'ਕਿ ਉਹ ਆਪਣੀਆਂ ਲੜਕੀਆਂ ਦੇ ਰਿਸ਼ਤੇ (ਕੇਰਲਾ) ਸਿਰਫ ਨੰਬੂਦਰੀਆ ਵਿੱਚ ਹੀ ਕਰਦੇ ਸਨ (ਕੇਰਲਾ ਦੇ ਬ੍ਰਾਹਮਣਾਂ 'ਚ)। ਜਦ ਕਿ ਲਕਸ਼ਮੀ ਦੇ ਪਿਤਾ ਨੰਬੂਦਰੀ ਨਹੀਂ ਸਨ। ਉਨ੍ਹਾਂ ਨੇ ਉਸ ਬੰਧਨ ਨੂੰ ਤੋੜ ਕੇ ਵਿਆਹ ਕੀਤਾ ਤੇ ਆਪਣੀ ਪਤਨੀ ਨੂੰ ਇੰਗਲੈਂਡ ਲੈ ਗਏ। ਲਕਸ਼ਮੀ ਸਹਿਗਲ ਦਾ ਜਨਮ ਦਾ ਨਾਂ ''ਲਕਸ਼ਮੀ ਸਵਾਮੀਨਾਥਨ'' ਰੱਖਿਆ ਗਿਆ।

ਲਕਸ਼ਮੀ ਪੜ੍ਹਨ-ਲਿਖਣ, ਘੋੜ ਸਵਾਰੀ ਕਰਨ, ਟੈਨਿਸ ਖੇਡਣ ਅਤੇ ਤੈਰਾਕੀ (ਤਰਨ) ਦੀ ਸ਼ੌਕੀਨ ਸੀ। ਉਹ ਛੋਟੀ ਹੁੰਦੀ ਕੇਰਲਾ ਆਪਣੇ ਨਾਨਕਿਆਂ ਦੇ ਪਾਸ ਜ਼ਿਆਦਾ ਰਹੀ। ਕੇਰਲਾ ਵਿੱਚ ਜਾਤੀਵਾਦ-ਛੂਆ-ਛੂਤ ਕਾਫੀ ਸੀ। ਇਸ ਜਾਤੀਵਾਦ ਅਤੇ ਦਲਿਤ ਪ੍ਰੀਵਾਰਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਲਈ ਲਕਸ਼ਮੀ ਨੇ ਬਹੁਤ ਹੀ ਬੁਲੰਦ ਹੌਸਲੇ ਨਾਲ ਇੱਕ ਇਹੋ ਜਿਹਾ ਕਾਰਨਾਮਾ ਕਰ ਦਿਖਾਇਆ, ਜਿਸ ਵਿੱਚ ਸਾਰੇ ਹੈਰਾਨ ਹੋ ਗਏ। ਨਾਨੀ ਦੇ ਘਰ ਲਾਗੇ, ਜੰਗਲ 'ਤੇ ਪਹਾੜੀਆਂ ਸਨ, ਉੱਥੋਂ ਰੋਜ਼ ਹੀ ਇੱਕ ਆਵਾਜ਼ 'ਥੰਬੂਰਾਨੇ' ਕਹਿ ਕੇ ਆਈ ਤਾਂ ਲਕਸ਼ਮੀ ਨੇ ਆਪਣੀ ਨਾਨੀ ਨੂੰ ਪੁਛਿਆ, 'ਕਿ ਰੋਜ਼ ਅਵਾਜ ਕਿੱਥੋਂ ਆਉਂਦੀ ਹੈ ? ਤਾਂ ! ਉਸ ਨੇ ਦੱਸਿਆ ਕਿ, ਇਨ੍ਹਾਂ ਪਹਾੜੀਆਂ 'ਚ ਛੋਟੀਆਂ ਜਾਤੀਆਂ ਦੇ ਲੋਕ ਰਹਿੰਦੇ ਹਨ। ਇਨ੍ਹਾਂ ਦਾ ਪ੍ਰਛਾਵਾਂ ਲੈਣਾ ਵੀ ਮਾੜਾ ਹੈ। ਇਹ ਸਾਨੂੰ ਅਵਾਜ਼ਾਂ ਮਾਰ ਕੇ ਕੋਈ ਚੀਜ਼ ਖਾਣ ਲਈ ਮੰਗਦੇ ਹਨ ਤੇ ਅਸੀਂ ਉਹ ਚੀਜ਼ ਉਨ੍ਹਾਂ ਨੂੰ ਭੇਜ ਦਿੰਦੇ ਹਾਂ। ਇਕ ਦਿਨ ਲਕਸ਼ਮੀ ਉਸ ਕਬਾਇਲੀ ਇੱਕ ਲੜਕੀ ਦਾ ਹੱਥ ਫੜ ਕੇ ਘਰ ਲੈ ਆਈ। ਕੱਪੜੇ ਉਸ ਦੇ ਸਰੀਰ ਤੇ ਨਹੀਂ ਸਨ ਤੇ ਪਤਿਆ ਨਾਲ ਜਾਂ ਕੋਈ ਮਾਲਾ ਪਾ ਕੇ ਸਰੀਰ ਢੱਕਿਆ ਹੋਇਆ ਸੀ। ਜਦੋਂ ਲੜਕੀ ਨੇ ਨਾਨੀ ਨੂੰ ਦੇਖਿਆ ਤਾਂ ਉਹ ਉੱਚੀ-ਉੱਚੀ ਰੋਣ ਲੱਗ ਪਈ। ਲਕਸ਼ਮੀ ਨੇ ਆਪਣੀ ਨਾਨੀ ਨੂੰ ਕਿਹਾ, ''ਕਿ ਕਿਸੇ ਨੂੰ ਫੜਨ ਨਾਲ ਜਾਂ ਛੂਹਣ ਨਾਲ ਕੋਈ ਅਪਵਿੱਤਰ ਨਹੀਂ ਹੁੰਦਾ ? ਇਹ ਵੀ ਇਨਸਾਨ ਹਨ, ਹੁਣ ਸਾਨੂੰ ਇਨ੍ਹਾਂ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ ! ਹੁਣ ਸਮਾਂ ਇਹੋ ਜਿਹਾ ਆ ਗਿਆ ਹੈ, 'ਕਿ ਸਾਨੂੰ ਸਾਰਿਆਂ ਨਾਲ ਮਿਲਵਰਤੋਂ ਕਰਕੇ ਇੱਕਠੇ ਰਹਿਣਾ ਚਾਹੀਦਾ ਹੈ?'' ਲਕਸ਼ਮੀ ਨੇ ਪਹਿਲੀ ਬਗਾਵਤ ਜਾਤ-ਪਾਤ ਤੇ ਛੂਆ-ਛੂਤ ਵਿਰੁੱਧ ਕੀਤੀ।

ਲਕਸ਼ਮੀ ਨੇ ਪਹਿਲੀ ਪੜ੍ਹਾਈ 'ਚਰਚ ਪਾਰਕ ਕੌਨਵੈਂਟ ਸਕੂਲ ਮਦਰਾਸ ਤੋਂ ਪੂਰੀ ਕਰਕੇ ਹਾਈ ਸਕੂਲ ਦੀ ਪੜ੍ਹਾਈ ਤੋਂ ਬਾਦ ਡਾਕਟਰੀ (ਐਮ.ਬੀ.ਬੀ.ਐਸ.) ਦੀ ਪੜ੍ਹਾਈ ਮੈਡੀਕਲ ਕਾਲਿਜ ਮਦਰਾਸ ਤੋਂ 1938-'ਚ ਪੂਰੀ ਕੀਤੀ। ਉਸ ਨੇ ਕਾਲਿਜ਼ ਦੀ ਪੜ੍ਹਾਈ ਤੋਂ ਪਹਿਲਾ ਹੀ ਮਾਂ ਅਤੇ ਮਾਸੀ ਨਾਲ ਮਿਲ ਕੇ, ਬਾਲ ਵਿਆਹ ਵਿਰੁੱਧ, ਦਾਜ ਦਹੇਜ, ਛੂਆ-ਛੂਤ ਵਿਰੁੱਧ, ਦਲਿਤਾਂ ਨਾਲ ਬੇਇਨਸਾਫ਼ੀਆਂ ਵਿਰੁੱਧ ਚਲੇ ਸੰਘਰਸ਼ਾਂ 'ਚ ਉਹ ਹਿੱਸਾ ਪਾਉਂਦੀ ਰਹੀ। ਕਾਲਿਜ ਦੀ ਪੜ੍ਹਾਈ ਸਮੇਂ ਹੀ ਉਹ ਸਮਝਦੀ ਸੀ, 'ਕਿ ਦੇਸ਼ ਨੂੰ ਅਜ਼ਾਦੀ ਅਹਿੰਸਾ ਨਾਲ ਪ੍ਰਾਪਤ ਨਹੀਂ ਹੋ ਸਕਦੀ? ਕਿਉਂਕਿ ਸਾਰੇ ਅਹਿੰਸਾ-ਸਤਿਆਗ੍ਰਹਿਆਂ ਦਾ ਅੰਤ ਲਾਠੀ-ਚਾਰਜ ਨਾਲ ਹੋਇਆ। ਮੈਨੂੰ ਯਾਦ ਹੈ, 'ਸਾਨੂੰ ਵਿਦਿਆਰਥੀਆਂ ਨੂੰ ਪੁਲਿਸ ਫੜਦੀ ਸੀ, ਟਰੱਕਾਂ 'ਚ ਬਿਠਾ ਕੇ ਦੂਰ ਛੱਡ ਆਉਂਦੀ ਤੇ ਸਾਡੀਆਂ ਜੇਬਾਂ ਵਿੱਚੋਂ ਬਰਤਾਨਵੀਂ ਬਸਤੀਵਾਦੀ ਪੈਸੇ ਵੀ ਕੱਢ ਲੈਂਦੇ। ਅਸੀਂ ਪੈਦਲ ਵਾਪਸ ਆਉਂਦੇ। 1931-ਵਿੱਚ ਭਗਤ ਸਿੰਘ ਤੇ ਉਸ ਦੇ ਸਾਥੀਆਂ ਤੇ ਚਲ ਰਹੇ ਮੁਕੱਦਮੇ ਦੇ ਲਈ ਅਸੀਂ ਵਿਦਿਆਰਥੀਆਂ ਦੀਆਂ ਮੀਟਿੰਗਾਂ ਕਰਕੇ ਫੰਡ ਉਗਰਾਹਿਆ, ਹੜਤਾਲਾਂ ਕੀਤੀਆਂ। ਲਕਸ਼ਮੀ ਨੂੰ ਕਾਲਿਜ ਦੇ ਦੌਰਾਨ ਹੀ ''ਕਮਿਊਨਿਜ਼ਮ ਤੇ ਕਮਿਊਨਿਸਟ ਪਾਰਟੀ ਵਾਰੇ ਚੰਗੀ ਤਰ੍ਹਾਂ ਜਾਨਣ ਦਾ ਮੌਕਾ ਮਿਲਿਆ।'' ਸੁਹਾਜਨੀ ਸਰੋਜਨੀ ਨਾਇਡ ਦੀ ਭੈਣ ਜੋ ਬਹੁਤ ਦੇਰ ਜਰਮਨ ਰਹਿ ਕੇ ਵਾਪਸ ਮਦਰਾਸ ਆਈ ਤਾਂ ਉਸ ਨੇ ਦੱਸਿਆ, 'ਕਿ ਕੇਵਲ ਇੱਕ ਰਾਜਨੀਤਕ ਸਿਸਟਮ ਜੋ ਭਾਰਤ ਦੀ ਮਦਦ ਕਰ ਸਕਦਾ ਹੈ, 'ਉਹ ਸਿਰਫ ਕਮਿਊਨਿਜ਼ਮ ਹੈ? ਲਕਸ਼ਮੀ ਨੇ ਕਮਿਊਨਿਸਟ ਅੰਦੋਲਨ ਦੀ ਪਹਿਲੀ ਕਿਤਾਬ ''ਐਡਗਰ ਸਨੋ ਕੀ ਰੇਡ ਸਟਾਰ ਓਵਰ ਚਾਈਨਾ, ਸੀ ! ਪੜ੍ਹੀ।'' ਜਿਸਨੂੰ ਪੜ੍ਹ ਕੇ ਉਸ ਨੇ ਬਹੁਤ ਕੁਝ ਸਿੱਖਿਆ।

1938-'ਚ ਮੈਡੀਕਲ ਦੀ ਪੜ੍ਹਾਈ ਕਰਦਿਆਂ ਹੀ ਲਕਸ਼ਮੀ ਨੇ ਇੱਕ ਪਾਇਲਟ ਨਾਲ ਵਿਆਹ ਕਰ ਲਿਆ। ਪਰ ਉਸ ਨੇ ਜਲਦੀ ਹੀ ਮਹਿਸੂਸ ਕੀਤਾ ਕਿ ਇਹ ਬਹੁਤ ਵੱਡੀ ਭੁੱਲ ਹੋਈ ਹੈ ! ਕਿਉਂਕਿ ਸਾਡੇ ਵਿਚਾਰ ਇੱਕ ਦੂਸਰੇ ਨਾਲ ਨਹੀਂ ਮਿਲਦੇ ਸਨ, ਦੂਸਰਾ ਉਹ ਮੈਨੂੰ ਆਪਣੇ ਅਧੀਨ ਹੀ ਰੱਖਣਾ ਚਾਹੁੰਦਾ ਸੀ। ਇਹ ਸ਼ਾਦੀ ਸਿਰਫ ਦੋ ਸਾਲ ਹੀ ਨਿਭੀ ! 1938-'ਚ ਲਕਸ਼ਮੀ ਉਸ ਨਾਲ ਸਿੰਘਾਪੁਰ ਚਲੀ ਗਈ, ਅੰਗ੍ਰੇਜ਼ੀ ਸੈਨਾ ਵਿੱਚ ਇਸਤਰੀ ਡਾਕਟਰਾਂ ਦੀ ਜ਼ਬਰ-ਦਸਤੀ ਭਰਤੀ ਕੀਤੀ ਜਾ ਰਹੀ ਸੀ ਤੇ ਮੈਂ ਆਪਣੇ ਵਿਆਹ ਤੋਂ ਛੁਟਕਾਰਾ ਵੀ ਪਾਉਣਾ ਚਾਹੁੰਦੀ ਸੀ। ਲਕਸ਼ਮੀ ਨੇ ਮਦਰਾਸ ਤੋਂ ਮੈਡੀਕਲ ਦੀ ਡਿਗਰੀ ਲੈ ਕੇ 1940-'ਚ ਸਿੰਘਾਪੁਰ ਪੁਹੰਚ ਕੇ ਇੱਕ ਡਾਕਟਰ ਦੇ ਹਸਪਤਾਲ ਵਿੱਚ ਜੋ ਕੇਰਲਾ ਦਾ ਹੀ ਸੀ, ਉੱਥੇ ਲੱਗ ਗਈ। ਲਕਸ਼ਮੀ ਜਦੋਂ ਸਿੰਘਾਪੁਰ ਗਈ ਤਾਂ ਉਹ 26 ਸਾਲ ਦੀ ਸੀ। ਇਸ ਤੋਂ ਪਹਿਲਾ 1925-ਵਿੱਚ ਜਦੋਂ ਉਹ 14 ਸਾਲ ਦੀ ਸੀ ਤਾਂ ਪਹਿਲੀ ਵਾਰ ਸ਼ੁਭਾਸ਼ ਚੰਦਰ ਬੋਸ ਨੂੰ ਕਲਕੱਤੇ ਕਾਂਗਰਸ ਸੈਸ਼ਨ ਦੇ ਸਮੇਂ ਹੀ ਦੇਖਿਆ ਸੀ। ਸਿੰਘਾਪੁਰ ਆ ਕੇ ਲਕਸ਼ਮੀ ਨੇ ਜਰਮਨੀ ਤੋਂ ਕੱਲਕੱਤੇ ਪਾਣੀ ਵਾਲੇ ਜਹਾਜ ਵਿੱਚ ਸ਼ੁਭਾਸ਼ ਚੰਦਰ ਬੋਸ ਦਾ ਬੱਚ ਕੇ ਜਾਣਾ ਸੁਣਿਆ ਸੀ ! ਦਸੰਬਰ 1941-'ਚ ਜਪਾਨੀਆਂ ਨੇ ਸਿੰਘਾਪੁਰ ਉਪਰ ਹਮਲਾ ਕਰ ਦਿੱਤਾ। ਸਿੰਘਾਪੁਰ ਵਿੱਚ ਸੁਭਾਸ਼ ਚੰਦਰ ਬੋਸ ਵਲੋਂ ਆਈ.ਐਨ.ਏ. ਦਾ ਗਠਨ ਕੀਤਾ ਜਾ ਰਿਹਾ ਸੀ ! ਬੋਸ ਨੇ ਆਈ.ਐਨ.ਏ. ਵਿੱਚ ਸ਼ਾਮਿਲ ਹੋਣ ਲਈ ਜੋ 18 ਤੋਂ 25 ਸਾਲ ਦੇ ਨੌਜਵਾਨ ਸਨ, ਨੂੰ ਅਪੀਲ ਕੀਤੀ। ਬਹੁਤ ਸਾਰੇ ਨੌਜਵਾਨ ਆਈ.ਐਨ.ਏ. ਵਿੱਚ ਭਰਤੀ ਹੋਣੇ ਸ਼ੁਰੂ ਹੋ ਗਏ ਤਾਂ ਉਨ੍ਹਾਂ ਨੂੰ ਟਰੇਨਿੰਗ ਕੈਂਪਾਂ ਵਿੱਚ ਭੇਜ ਦਿੱਤਾ ਗਿਆ। ਲਕਸ਼ਮੀ ਸਹਿਗਲ ਨੇ ਸੁਭਾਸ਼ ਚੰਦਰ ਬੋਸ ਨੂੰ ਆਈ.ਐਨ.ਏ. ਵਿੱਚ ਸਪੈਸ਼ਲ ਪੋਸਟ ਤੇ ਰੱਖਣ ਦੀ ਬੇਨਤੀ ਕੀਤੀ, 'ਤਾਂ ਉਨ੍ਹਾਂ ਨੇ ਰਾਣੀ ਝਾਂਸੀ ਰਜਮੈਂਟ ਦੀ ਅਗਵਾਈ ਕਰਨ ਦੀ ਆਗਿਆ ਦਿੱਤੀ ਤੇ ਕੈਪਟਨ ਦੇ ਤੌਰ ਤੇ ਇਸਤਰੀਆਂ ਨੂੰ ਟਰੇਨਿੰਗ ਦਿੱਤੀ। ਟਰੇਨਿੰਗ ਦੌਰਾਨ ਲਕਸ਼ਮੀ ਨੇ ''ਰਾਣੀ ਝਾਂਸੀ ਵਲੋਂ ਅਤੇ ਬੇਗਮ ਹਜ਼ਰਤ ਮਹੱਲ ਦੀਆਂ 1857-ਦੇ ਗਦਰ'' ਵਿਖੇ ਕੀਤੀ ਗਈ ਬਹਾਦਰੀ ਦੀਆਂ ਤਕਰੀਰਾਂ ਕਰਕੇ ਉਨ੍ਹਾਂ ਵਿੱਚ ਜੋਸ਼ ਭਰਿਆ ! ਲਕਸ਼ਮੀ ਨੇ ਉਨ੍ਹਾਂ ਇਸਤਰੀਆਂ ਨੂੰ ਅਜ਼ਾਦੀ ਦੀ ਲੜਾਈ ਲੜਨ ਲਈ ਹੀ ਨਹੀਂ ਪ੍ਰੇਰਿਆ ? ਸਗੋਂ 'ਤੇ ਆਪਣੇ ਹੱਕਾਂ ਹਿੱਤਾਂ ਦੀ ਰਾਖੀ ਤੇ ਮੁਕਤੀ ਲਈ ਵੀ ਸਗੋਂ ਉਨਾਂ ਵਿੱਚ ਲੜਨ ਦਾ ਜ਼ਜਬਾ ਭਰਿਆ। ਇਸ ਰਜਮੈਂਟ ਵਿੱਚ ਬਹੁਤ ਉਹ ਲੜਕੀਆਂ ਹੀ ਸਨ, ਜੋ ਚਿਰਾਂ ਤੋਂ ਹਿੰਦੁਸਤਾਨੀ ਸਿੰਘਾਪੁਰ ਰਹਿ ਰਹੇ ਭਾਰਤੀ ਸਨ, 'ਉਨ੍ਹਾ ਦੇ ਪ੍ਰੀਵਾਰਾਂ ਦੀਆਂ ਬੇਟੀਆਂ ਹੀ ਸਨ।

ਅਗਸਤ 1945-ਵਿੱਚ ਹੀ ਸ਼ੁਭਾਸ਼ ਚੰਦਰ ਬੋਸ ਹਵਾਈ ਜਹਾਜ਼ ਵਿੱਚ ਜਦੋਂ ਟੋਕੀਓ ਜਾ ਰਹੇ ਸੀ ਤਾਂ ਜਹਾਜ਼ ਦੇ ਕਰੈਸ਼ ਹੋ ਜਾਣ ਕਾਰਨ ਉਹ ਮਾਰੇ ਗਏ ! ਮਈ-ਅਗਸਤ 'ਚ ਲਕਸ਼ਮੀ ਨੂੰ ਅੰਗ੍ਰੇਜ਼ਾਂ ਨੇ ਫੜ ਲਿਆ ਤੇ ਉਸ ਨੂੰ ਰੰਗੂਨ ਵਿਖੇ ਲੈ ਗਏ ਤੇ ਘਰ ਵਿੱਚ ਨਜ਼ਰ ਬੰਦ ਕਰ ਦਿੱਤਾ। ਇੱਕ ਸਿੱਖ ਪ੍ਰੀਵਾਰ ਜੋ ਆਈ.ਐਨ.ਏ. ਦਾ ਸੀ ਦੇ ਘਰ ਹੀ ਡਾ.ਲਕਸ਼ਮੀ ਨੇ ਮੈਡੀਕਲ ਦੀ ਦੁਕਾਨ ਤੇ ਹੀ ਮਰੀਜ਼ਾਂ ਨੂੰ ਦੇਖਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੂੰ ਬਰਮਾਂ ਲਿਜਾ ਕੇ ਅਕਤੂਬਰ 1945-ਤੋਂ ਮਾਰਚ 1946-ਤੱਕ ਘਰ ਨਜ਼ਰਬੰਦ ਕਰ ਦਿੱਤਾ। ਦਿੱਲੀ ਵਿਖੇ ਆਈ.ਐਨ.ਏ. ਦੇ ਮੁਕੱਦਮੇ ਚੱਲ ਰਹੇ ਸਨ। ਉਹ ਰਿਹਾ ਹੋ ਕੇ ਕੱਲਕੱਤੇ ਪਹੁੰਚੀ। ਉੱਥੇ ਹੀ ਸ਼ੁਭਾਸ਼ ਚੰਦਰ ਬੋਸ ਦੀ ਮੌਤ ਦੀ ਪੱਕੀ ਖ਼ਬਰ ਮਿਲੀ। 1947-'ਚ ਭਾਰਤ ਆਜ਼ਾਦ ਹੋ ਗਿਆ। ਲਕਸ਼ਮੀ ਨੇ ਮਾਰਚ 1947-ਵਿੱਚ ਪ੍ਰਸਿੱਧ ਆਈ.ਐਨ.ਏ. ਮੁਕੱਦਮਿਆਂ ਦੇ ਤਿੰਨ ਆਈ.ਐਨ.ਏ. ਦੇ ਆਗੂਆਂ ਵਿੱਚੋਂ ਇੱਕ 'ਕਰਨਲ ਪ੍ਰੇਮ ਕੁਮਾਰ ਸਹਿਗਲ' (ਜੋ ਜਲੰਧਰ ਜ਼ਿਲ੍ਹੇ ਦੇ ਸਨ) ਨਾਲ ਵਿਆਹ ਕਰ ਲਿਆ। ਲਾਹੌਰ ਤੋਂ ਕਾਨਪੁਰ ਆ ਗਏ ਤੇ ਉਨ੍ਹਾਂ ਨੇ ਪੱਕੇ ਤੌਰ ਤੇ ਕਾਨਪੁਰ ਰਹਿ ਕੇ, ਪਹਿਲਾ ਨਵਾਬ ਗੰਜ ਡਿਸਪੈਂਸਰੀ ਬਣਾਈ। ਫਿਰ ਆਰੀਆਂ ਨਗਰ ਆਪਣੀ ਪਰੈਕਟਸ ਪੱਕੇ ਤੌਰ ਤੇ ਕਰਨ ਲੱਗ ਪਈ। ਉਸ ਦੇ ਮਰੀਜ਼ ਬਹੁਤ ਕਰਕੇ ਗਰੀਬ, ਰਿਫੀਊਜ਼ੀ ਤੇ ਬਹੁਤ ਗਰੀਬ-ਗੁਰਬੇ ਸੂਤੀ ਮਿਲਾਂ ਦੇ ਮਜ਼ਦੂਰ ਹੀ ਹੁੰਦੇ ਸਨ। ਇਸ ਬਿਲਡਿੰਗ ਵਿੱਚ ਲਕਸ਼ਮੀ ਸਹਿਗਲ ਨੇ 60 ਸਾਲ ਤੋਂ ਵੱਧ ਪ੍ਰੈਕਟਿਸ ਕੀਤੀ ਤੇ ਬੰਗਲਾ ਦੇਸ਼ ਦੀ ਲੜਾਈ ਸਮੇਂ, ਪੱਛਮੀ ਬੰਗਾਲ ਵਿੱਚ ਆਏ ਰਿਫੀਊਜ਼ੀਆਂ ਦੇ ਕੈਂਪਾਂ ਵਿੱਚ ਦੁਆਈਆਂ ਕੱਪੜੇ ਲੈ ਕੇ ਪਹੁੰਚ ਗਈ। ਉੱਥੇ ਪੰਜ ਹਫਤੇ ਕੰਮ ਕੀਤਾ ਅਤੇ 'ਮੁਕਤੀ ਵਾਹਿਨੀ ਵਲੰਟੀਅਰਜ਼' ਨੂੰ ਸੰਬੋਧਨ ਕਰਨ ਲਈ ਬੰਗਲਾ ਦੇਸ਼ ਵੀ ਗਈ।

1971-'ਚ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਮੈਂਬਰ ਬਣੀ ਤੇ ਅੰਤ ਤੱਕ ਲਾਲ ਝੰਡਾ ਚੁੱਕੀ ਰੱਖਿਆ। ਉਹ ਆਲ ਇੰਡੀਆਂ ਡੈਮੋਕਰੇਟਿਕ ਵੋਮੈਨ ਐਸੋਸੀਏਸ਼ਨ ਦੀ ਪਹਿਲੀ ਕਨਵੈਨਸ਼ਨ ਜੋ ਮਦਰਾਸ ਵਿਖੇ 11-12 ਮਾਰਚ 1981 ਨੂੰ ਹੋਈ, 'ਦੇ ਮੋਢੀ ਮੈਂਬਰਾਂ ਵਿੱਚ ਇੱਕ ਸਨ। 1981-ਤੋਂ ਬਾਅਦ 2000 ਤੱਕ ਸਾਰੀਆਂ ਹੀ ਆਲ ਇੰਡੀਆ ਲੈਵਲ ਦੀਆਂ ਕਾਨਫਰੰਸਾਂ 'ਚ 'ਇਸਤਰੀਆਂ ਦੀ ਬੰਦ ਖੁਲਾਸੀ, ਜਮਹੂਰੀਅਤ ਤੇ ਅਜ਼ਾਦੀ ਦਾ ਪਰਚਮ' ਚੁੱਕੀ ਰੱਖਿਆ। ਪੰਜਾਬ 'ਜਨਵਾਦੀ ਇਸਤਰੀ ਸਭਾ ਦੀ ਦੂਸਰੀ ਸੂਬਾਈ ਕਾਨਫਰੰਸ ਜੋ ਪੰਜਾਬ ਦੇ ਜਿਲ੍ਹਾ ਹੁਸ਼ਿਆਰਪੁਰ ਵਿਖੇ 1990 ਨੂੰ ਹੋਈ ਨੂੰ ਸੰਬੋਧਨ ਕਰਨ ਲਈ ਕਾ: ਵਰਿੰਦਾ ਕਰਾਤ ਦੇ ਨਾਲ ਲਕਸ਼ਮੀ ਸਹਿਗਲ ਵੀ ਪੰਜਾਬ ਆਏ। 1984 ਦੇ ਦਿੱਲੀ ਵਿਖੇ ਹੋਏ ਸਿੱਖਾਂ ਵਿਰੁੱਧ ਕਤਲੋਂ-ਗਰਦ ਨੂੰ ਰੋਕਣ ਲਈ ਕਾਨ-ਪੁਰ ਵਿਖੇ ਸਰਗਰਮੀ ਨਾਲ ਉਹ ਸੜਕਾਂ ਤੇ ਇਸਤਰੀ ਸਭਾ ਦੀਆਂ ਮੈਂਬਰਾਂ ਨੂੰ ਲੈ ਕੇ ਸ਼ਾਤੀ ਭਰੇ ਭਾਸ਼ਨਾਂ ਰਾਹੀਂ ਸ਼ਾਤੀ ਬਹਾਲ ਰੱਖਣ ਦੀਆਂ ਤਕਰੀਰਾਂ ਕਰਦੀ ਰਹੀ ਤੇ ਆਪਣੀ ਰਿਹਾਇਸ਼ (ਕਲਿਨਕ) ਦੇ ਆਸ ਪਾਸ ਇੱਹੋ ਜਿਹਾ ਕੋਈ ਸਿੱਖ ਵਿਰੋਧੀ ਹਮਲਾ ਨਹੀਂ ਹੋਣ ਦਿੱਤਾ। ਭੂਪਾਲ ਵਿੱਚ ਗੈਸ ਕਾਂਡ ਸਮੇਂ ਕਾਨਪੁਰ ਸ਼ਹਿਰ ਤੋਂ ਇੱਕ ਮੈਡੀਕਲ ਟੀਮ ਲੈ ਕੇ ਭੂਪਾਲ ਪਹੁੰਚੀ ਤੇ ਕਾਂਡ ਦੀ ਗੈਸ ਤਰਾਸਦੀ ਦੀ ਰਿਪੋਰਟ ਪੇਸ਼ ਕੀਤੀ।

ਕੈਪਟਨ ਲਕਸ਼ਮੀ ਸਹਿਗਲ ਨੂੰ ਸੀ.ਪੀ.ਆਈ. (ਐਮ.), ਤੇ ਹੋਰ ਖੱਬੀਆਂ ਪਾਰਟੀਆਂ, ਵੱਲੋਂ 2002 ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਡਾ.ਅਬਦੁਲ ਕਲਾਮ ਦੇ ਮੁਕਾਬਲੇ ਉਮੀਦਵਾਰ ਬਣਾਇਆ ਗਿਆ। ਇਹ ਪਤਾ ਹੋਣ ਦੇ ਬਾਵਜੂਦ ਵੀ, 'ਕਿ ਜਿੱਤ ਬਹੁਤ ਦੂਰ ਹੈ, 'ਫਿਰ ਵੀ 87 ਸਾਲ ਦੀ ਉਮਰ ਵਿੱਚ ਵੀ ਮੀਟਿੰਗਾਂ, ਪ੍ਰੈਸ ਕਾਨਫੰਸਾਂ ਨੂੰ ਬੜੀ ਦਲੇਰੀ ਤੇ ਹਿੰਮਤ ਨਾਲ ਸੰਬੋਧਨ ਕੀਤਾ। ਕੈਪਟਨ ਲਕਸ਼ਮੀ ਸਹਿਗਲ ਨੇ ਆਪਣਾ ਸਾਰਾ ਜੀਵਨ ਜਿੱਥੇ ਮਾਨਵਵਾਦੀ ਇਸਤਰੀ ਵਜੋਂ ਗਰੀਬਾਂ, ਬੇਸਹਾਰਿਆਂ ਦੀ ਮਦਦ, ਅੰਧ ਵਿਸ਼ਵਾਸ਼, ਜਾਤ-ਪਾਤ, ਬਾਲ ਵਿਆਹ ਤੇ ਸਮਾਜਿਕ ਸੁਧਾਰਾਂ ਲਈ ਅਰਪਿਤ ਕਰ ਦਿੱਤਾ, ਉੱਥੇ ਡਾਕਟਰੀ ਕਿਤੇ ਵਜੋਂ ਵੀ ਉਸ ਨੇ ਗਰੀਬ ਮਰੀਜ਼ਾਂ ਵੱਲ ਉਚੇਚਾ ਧਿਆਨ ਦਿੱਤਾ। ਆਈ.ਐਨ.ਏ. ਦੀ ਰਾਣੀ ਝਾਂਸੀ ਰਜਮੈਂਟ ਦੀ ਕੈਪਟਨ ਬਣ ਕੇ ਵੀ ਇਹ ਲੋਹ ਪੁਰਸ਼ ਵਾਂਗ ਦੇਸ਼ ਦੀ ਆਜ਼ਾਦੀ ਲਈ ਲੜਦੀ ਰਹੀ। ਇਸਤਰੀਆਂ ਦੀ ਮੁਕਤੀ, ਉਨ੍ਹਾਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਸੰਘਰਸ਼ਾਂ ਵਿੱਚ ਵੀ ਮੋਹਰੀ ਰੋਲ ਅਦਾ ਕੀਤਾ। ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਮੈਂਬਰ ਬਣ ਕੇ ਵੀ ਸਮਾਜਵਾਦ ਦੀ ਰਾਖੀ ਲਈ, ਸੰਘਰਸ਼ਾਂ ਵਿੱਚ ਵੀ ਮੋਹਰੀ ਰੋਲ ਅਦਾ ਕਰਦੀ ਰਹੀ। ਲਕਸ਼ਮੀ ਸਹਿਗਲ ਨੇ ਵੀ ਸਮਾਜਵਾਦ ਦੀ ਰਾਖੀ ਲਈ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਵਿਰੁੱਧ ਦ੍ਰਿੜਤਾ ਨਾਲ ਪਹਿਰਾ ਦਿੱਤਾ, ਜੋ ਸਾਡੇ ਲਈ ਖਾਸ ਕਰਕੇ ਇਸਤਰੀਆਂ ਲਈ ਪ੍ਰੇਰਣਾ ਸ੍ਰੋਤ ਹੈ।

ਲਕਸ਼ਮੀ ਸਹਿਗਲ ''ਰਾਣੀ ਝਾਂਸੀ ਰਜਮੈਂਟ ਦੀ ਕੈਪਟਨ, (ਐਡਵਾ) ਆਲ ਇੰਡੀਆ ਡੈਮੋਕਰੇਟਿਕ ਵੋਮੈਨ ਐਸੋਸ਼ੀਏਸ਼ਨ ਦੀ ਲੰਬੀ ਸਮਾਂ ਉਪ-ਪ੍ਰਧਾਨ ਰਹੀ। ਗਰੀਬਾਂ ਦੀ ਮਸੀਹਾ 23-ਜੁਲਾਈ 2012, ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਗਈ। ਉਨ੍ਹਾਂ ਦੀਆਂ ਦੋ ਬੇਟੀਆਂ ਹਨ, ਉਨ੍ਹਾਂ ਦੀ ਵੱਡੀ ਬੇਟੀ ਸ਼ੁਭਾਸ਼ਨੀ ਅਲੀ, ਲੰਮਾਂ ਸਮਾਂ (ਐਡਵਾ) ਦੀ ਪ੍ਰਧਾਨ ਅਤੇ ਹੁਣ ਮੀਤ ਪ੍ਰਧਾਨ ਹਨ। ਕਮਿਊਨਿਸਟ ਪਾਰਟੀ ਆਫ ਮਾਰਕਸਵਾਦੀ ਦੀ 'ਪੋਲਿਟ ਬਿਊਰੋ ਮੈਂਬਰ ਹੈ'।

ਕੈਪਟਨ ਲਕਸ਼ਮੀ ਸਹਿਗਲ ਨੂੰ 1998-ਵਿੱਚ ਰਾਸ਼ਟਰਪਤੀ ਕੇ.ਆਰ.ਨਰਾਇਣਨ ਵੱਲੋਂ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ।

(ਲੇਖਕਾ ਨੇ ਲੰਬਾ ਸਮਾਂ ਕੈਪਟਨ ਲਕਸ਼ਮੀ ਸਹਿਗਲ ਨਾਲ ਇਕੱਠਿਆ ਹੀ (1981 ਤੋਂ 2007 ਤੱਕ) ਆਲ ਇੰਡੀਆ ਡੈਮੋਕਰੇਟਿਕ ਵੋਮੈਨ ਐਸੋਸ਼ੀਏਸ਼ਨ ਵਿੱਚ 'ਜਮਹੂਰੀਅਤ, ਬਰਾਬਰਤਾ, ਇਸਤਰੀ ਦੀ ਬੰਦ ਖਲਾਸੀ' ਲਈ ਕੰਮ ਕੀਤਾ ਹੈ।)

ਰਾਜਿੰਦਰ ਕੌਰ ਚੋਹਕਾ
ਸਾਬਕਾ ਜਨਰਲ ਸਕੱਤਰ
ਜਨਵਾਦੀ ਇਸਤਰੀ ਸਭਾ ਪੰਜਾਬ
ਮੋਬਾ: 98725-44738
ਕੈਲਗਰੀ 403-285-4208


# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

Deposit Structure:
40k $10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Jagdish Grewal
Sales Representative



(416) 970-5005

Office: 905-488-2100
Ext. 348

ੴ ਸਤਿਗੁਰ ਪ੍ਰਸਾਦਿ ॥

## ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ 550 ਪ੍ਰਕਾਸ਼ ਦਿਹਾੜੇ
## ਅਤੇ ਖਾਲਸੇ ਦੇ 320ਵੇਂ ਸਾਜਨਾ ਦਿਵਸ ਨੂੰ ਸਮਰਪਿਤ

ਓਨਟੇਰਿਓ ਗੁਰਦੁਆਰਾਜ਼ ਕਮੇਟੀ ਵਲੋਂ

# ਮਹਾਨ ਨਗਰ ਕੀਰਤਨ

ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਗੁਰਦੁਆਰਾ ਸਾਹਿਬ

# 5 ਮਈ ਐਤਵਾਰ




ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ 5 ਮਈ ਦਿਨ ਐਤਵਾਰ ਸਵੇਰੇ 8:00 ਵਜੇ ਤੋਂ 12:00 ਵਜੇ ਤੱਕ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਮਹਾਨ ਕੀਰਤਨ ਦਰਬਾਰ ਸਜਣਗੇ. ਦੁਪਹਿਰ ਦੇ 12:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਪੂਰੇ ਸ਼ਾਨੋ-ਸ਼ੌਕਤ ਨਾਲ ਨਗਰ ਕੀਰਤਨ ਮੌਰਨਿੰਗਸਟਾਰ ਤੋਂ ਹੁੰਦਾ ਹੋਇਆ ਹੰਬਰਵੁਡ ਤੋਂ ਹੰਬਰਲਾਈਨ ਤੋਂ ਫਿੰਚ ਐਵੇਨਿਊ ਤੋਂ ਵੈਸਟਮੋਰ ਡਰਾਈਵ ਤੋਂ ਹੋ ਕੇ ਸਿੱਖ ਸਪਿਰਚੁਅਲ ਸੈਂਟਰ ਰੈਕਸਡੇਲ ਗੁਰਦੁਆਰਾ ਸਾਹਿਬ ਪਹੁੰਚਣਗੇ.



**Dhadi Darbar**
Saturday at Rexdale
7:00 to 9:00 pm


**Buses Pick Up and Drop off Route**

- Humber College
- Oakville Gurdwara Sahib
- Mississauga Gurdwara Sahib
- Golden Grocery (Charles Blvd.)
- Nanaksar Gurdwara Sahib (Mclaughlin Rd)
- Dashmesh Darbar Sahib (Gore Road Plaza)
- Dixie & Peter Robertson (Guru Nanak Mission)
- Fortino Plaza (Mountainash & Bovaird)
- Brampton Gurdwara Sahib (Glidden Road)
- Brampton Gurdwara Sahib (Regan Road)
- Rexdale to Malton Gurdwara Sahib
- Malton to Rexdale Gurdwara Sahib
- Gurdwara Jot Parkash (Williams Pkwy.)
- Guru Ravidas Sabha Burlington
- Oshwa Gurudwara Sahib

**ਜਰੂਰੀ ਸੂਚਨਾ**

- ਸਿਟੀ ਦੇ ਨਵੇਂ ਨਿਯਮਾਂ ਅਨੁਸਾਰ ਨਗਰ ਕੀਰਤਨ ਜਾਂ ਰਸਤੇ ਵਿਚ ਲੰਗਰ ਲਾਉਣ ਸੰਬੰਧੀ ਪਰਮਿਟ ਲੈਣ ਲਈ ਗਰੁਦਆਰਾ ਕਮੇਟੀ ਨਾਲ ਸੰਪਰਕ ਕਰੋ
- ਏਅਰਪੋਰਟ ਰੋਡ ਤੋਂ ਗੌਰਵੇ ਡਰਾਈਵ ਤੱਕ ਕੇਵਲ ਪਾਣੀ ਅਤੇ ਕੋਲਡ ਡਰਿੰਕਸ ਹੀ ਵਰਤਾਏ ਜਾਣ
- ਸੇਫਟੀ ਨੂੰ ਮੁੱਖ ਰੱਖਦੇ ਹੋਏ ਕੋਈ ਵੀ ਗੈਸ ਵਾਲੇ ਗੁਬਾਰੇ ਨਾ ਵਰਤੇ ਜਾਣ
- ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਰੀਸਾਈਕਲ ਬੈਗ ਵਿਚ ਹੀ ਪਾਈਆਂ ਜਾਣ
- ਵਾਤਾਵਰਣ ਦਾ ਧਿਆਨ ਰਖਦੇ ਹੋਏ ਫੋਮ ਦੀ ਬਜਾਏ ਕਾਗਜ਼ ਦੇ ਬਰਤਨਾਂ ਦਾ ਇਸਤੇਮਾਲ ਕੀਤਾ ਜਾਵੇ

ਸਮੂਹ ਸੰਗਤ ਨੂੰ ਕੇਸਰੀ ਦਸਤਾਰਾਂ ਸਜਾ ਕੇ ਅਤੇ ਕੇਸਰੀ ਦੁਪੱਟੇ ਲੈ ਕੇ ਆਉਣ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ.




For more information contact:
**Sikh Spiritual Centre, Toronto**
**416-746-6666**
**Sri Guru Singh Sabha, Malton**
**905-671-1662**

Avtar Singh Vanvait 647-702-4070
Charanjit Singh 519-572-0802
Sulinder Singh 416-565-2964
Gurmail Singh Nirman 416-997-3631
Prempal Singh Hamilton 905-905-2310
Inderjit Singh 289-752-7173
Major Singh 416-858-8011
Harvinderpal Singh Ruby 647-629-4041
Amarjit Singh Mann 647-822-3608
Jagtarn Singh Sekhon 416-566-3111

## ਆਨਲਾਈਨ ਦੇ ਦੌਰ ਵਿੱਚ ਉਮੀਦਵਾਰਾਂ ਨੇ ਜ਼ਮਾਨਤ ਰਾਸ਼ੀ ਨਕਦ ਭਰੀ

ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਤਿੰਨ ਸਾਲ ਪਹਿਲਾਂ ਹੋਈ ਨੋਟਬੰਦੀ ਪਿੱਛੋਂ ਬੜਾ ਪ੍ਰਚਾਰ ਹੋਇਆ ਕਿ ਸਿਰਫ ਆਨਲਾਈਨ ਅਦਾਇਗੀ ਕਰਨੀ ਹੈ, ਪਰ ਦਿਲਚਸਪ ਗੱਲ ਇਹ ਹੈ ਕਿ ਲੋਕ ਸਭਾ ਚੋਣਾਂ 'ਚ ਆਨਲਾਈਨ ਅਦਾਇਗੀ ਦੀ ਕੋਈ ਵਿਵਸਥਾ ਹੀ ਨਹੀਂ ਤੇ ਸਾਰੇ ਉਮੀਦਵਾਰਾਂ ਨੇ ਅਦਾਇਗੀ ਨਕਦ ਜਮ੍ਹਾਂ ਕਰਵਾਈ ਹੈ।

ਪਤਾ ਲੱਗਾ ਹੈ ਕਿ ਅਜਿਹਾ ਨਹੀਂ ਕਿ ਕੋਈ ਆਨਲਾਈਨ ਰਾਸ਼ੀ ਜਮ੍ਹਾਂ ਨਹੀਂ ਸੀ ਕਰਵਾਉਣਾ ਚਾਹੁੰਦਾ, ਪਰ ਚੋਣ ਦੇ ਨਿਯਮਾਂ 'ਚ ਏਦਾਂ ਦੀ ਵਿਵਸਥਾ ਹੀ ਨਹੀਂ ਕਿ ਆਨਲਾਈਨ ਅਦਾਇਗੀ ਕੀਤੀ ਜਾ ਸਕੇ। ਉਮੀਦਵਾਰਾਂ ਨੇ ਸਭ ਤੋਂ ਆਸਾਨ ਤਰੀਕਾ ਨਕਦ ਅਦਾਇਗੀ ਦਾ ਚੁਣਿਆ ਹੈ। ਚੋਣ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਸੀਂ ਲਗਾਤਾਰ ਪਿਛਲੇ ਦੋ ਤਿੰਨ ਸਾਲਾਂ ਤੋਂ ਆਨਲਾਈਨ ਅਦਾਇਗੀ ਨੂੰ ਪ੍ਰਮੋਟ ਕਰ ਰਹੇ ਹਾਂ, ਪਰ ਚੋਣਾਂ ਦੌਰਾਨ ਜ਼ਮਾਨਤ ਰਾਸ਼ੀਆਂ ਜਮ੍ਹਾਂ ਕਰਵਾਉਣ ਲਈ ਨਿਯਮਾਂ 'ਚ ਕੋਈ ਬਦਲਾਅ ਨਹੀਂ ਕੀਤਾ ਗਿਆ। ਨੋਟਬੰਦੀ ਮਗਰੋਂ ਆਨਲਾਈਨ ਅਦਾਇਗੀ ਨੂੰ ਕਾਫੀ ਉਤਸ਼ਾਹ ਮਿਲਿਆ ਹੈ। ਜ਼ਿਆਦਾਤਰ ਲੋਕ ਅਦਾਇਗੀ ਕਰਨ ਲਈ ਆਨਲਾਈਨ ਦਾ ਬਦਲ ਅਪਣਾਉਂਦੇ ਹਨ, ਚਾਹੇ ਉਹ ਪੇ ਟੀ ਐਮ ਜਿਹਾ ਐਪ ਹੋਵੇ ਜਾਂ ਬੈਂਕਾਂ ਦੇ ਆਪਣੇ ਐਪ। ਜ਼ਿਆਦਾ ਲੋਕ ਸਮਾਰਟ ਫੋਨ ਵਰਤਦੇ ਹਨ, ਜਿਸ ਨਾਲ ਆਸਾਨੀ ਨਾਲ ਆਨਲਾਈਨ ਅਦਾਇਗੀ ਕੀਤੀ ਜਾ ਸਕਦੀ ਹੈ। ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਦਰਅਸਲ ਨਕਦ ਅਦਾਇਗੀ ਇਕ ਤਾਂ ਆਸਾਨ ਬਦਲ ਹੈ ਤੇ ਦੂਜਾ ਨਾਮਜ਼ਦਗੀ ਵਾਪਸ ਲੈਣ ਦੌਰਾਨ ਜੇ ਰਕਮ ਬੈਂਕ ਜ਼ਰੀਏ ਜਮ੍ਹਾਂ ਕਰਵਾਈ ਹੋਵੇ ਤਾਂ ਇਸ ਨੂੰ ਵਾਪਸ ਲੈਣ 'ਚ ਕਠਿਨਾਈ ਹੁੰਦੀ ਹੈ।

## ਸੁਖਬੀਰ ਬਾਦਲ ਤੇ ਮਜੀਠੀਆ ਨੂੰ ਹਾਈ ਕੋਰਟ ਵਿੱਚ ਪੇਸ਼ ਹੋਣ ਦਾ ਹੁਕਮ ਜਾਰੀ

ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਬਹਿਬਲ ਕਲਾਂ ਗੋਲੀ ਕਾਂਡ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਜਾਂਚ ਕਰਨ ਵਾਲੇ ਜਸਟਿਸ ਰਣਜੀਤ ਸਿੰਘ ਦੇ ਖਿਲਾਫ ਘਟੀਆ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੂੰ 11 ਜੁਲਾਈ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਹਾਈ ਕੋਰਟ ਵਿੱਚ ਸੁਣਵਾਈ ਸ਼ੁਰੂ ਹੁੰਦੇ ਸਾਰ ਸੁਖਬੀਰ ਸਿੰਘ ਤੇ ਮਜੀਠੀਆ ਦੀ ਗੈਰ ਮੌਜੂਦਗੀ ਉਤੇ ਟਿੱਪਣੀ ਕਰਦੇ ਹੋਏ ਜਸਟਿਸ ਅਮਿਤ ਰਾਵਲ ਨੇ ਕਿਹਾ ਕਿ ਪੇਸ਼ੀ ਤੋਂ ਛੋਟ ਹਾਸਲ ਕਰਨ ਦੇ ਲਈ ਵਿਅਕਤੀ ਨੂੰ ਖੁਦ ਅਦਾਲਤ ਵਿੱਚ ਆਉਣਾ ਚਾਹੀਦਾ ਹੈ। ਜਸਟਿਸ ਰਾਵਲ ਨੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਦੋਵਾਂ ਧਿਰਾਂ ਨੂੰ ਖੁਦ ਪੇਸ਼ ਹੋ ਕੇ ਜ਼ਮਾਨਤ ਹਾਸਲ ਕਰਨੀ ਹੋਵੇਗੀ। ਇਸ 'ਤੇ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਆਰ ਐੱਸ ਚੀਮਾ ਨੇ ਅਦਾਲਤ ਨੂੰ ਦੱਸਿਆ ਕਿ ਅਪਰਾਧਕ ਸ਼ਿਕਾਇਤ ਵਿੱਚ ਵੱਧ ਤੋਂ ਵੱਧ ਸਜ਼ਾ ਦੋ ਸਾਲ ਤੋਂ ਘੱਟ ਹੈ, ਇਸ ਲਈ ਇਸ ਦਾ ਟਰਾਇਲ ਸੰਮਨ ਕੇਸ ਵਾਂਗ ਹੋਣਾ ਚਾਹੀਦਾ ਹੈ ਅਤੇ ਸੀ ਆਰ ਪੀ ਸੀ ਦੇ ਨਿਯਮਾਂ ਹੇਠ ਅਜਿਹੇ ਕੇਸ ਵਿੱਚ ਅਦਾਲਤ ਦੋਸ਼ੀ ਨੂੰ ਪਹਿਲੀ ਪੇਸ਼ੀ ਤੋਂ ਛੋਟ ਦੇ ਸਕਦੀ ਹੈ। ਚੀਮਾ ਦੀ ਦਲੀਲ ਦਾ ਵਿਰੋਧ ਕਰਦੇ ਹੋਏ ਜਸਟਿਸ ਰਣਜੀਤ ਸਿੰਘ ਦੇ ਸੀਨੀਅਰ ਐਡਵੋਕੇਟ ਏ ਪੀ ਐੱਸ ਦਿਓਲ ਨੇ ਕਿਹਾ ਕਿ ਕਮਿਸ਼ਨ ਆਫ ਇਨਕਵਾਇਰੀ ਐਕਟ ਦੇ ਸੈਕਸ਼ਨ 10 ਹੇਠ ਇਸ ਅਪਰਾਧਕ ਸ਼ਿਕਾਇਤ ਦੇ ਟਰਾਇਲ ਨੂੰ ਵਾਰੰਟ ਕੇਸ ਦੀ ਤਰ੍ਹਾਂ ਸੁਣਿਆ ਜਾਣਾ ਚਾਹੀਦਾ ਹੈ ਤੇ ਵਾਰੰਟ ਕੇਸ ਵਿੱਚ ਦੋਸ਼ੀ ਦੀ ਨਿੱਜੀ ਪੇਸ਼ੀ ਅਦਾਲਤ ਵਿੱਚ ਜ਼ਰੂਰੀ ਹੈ। ਸੁਣਵਾਈ ਦੇ ਬਾਅਦ ਆਪਣੇ ਹੁਕਮਾਂ ਵਿੱਚ ਜਸਟਿਸ ਰਾਵਲ ਨੇ ਸਪੱਸ਼ਟ ਕੀਤਾ ਕਿ ਅਜਿਹੇ ਪ੍ਰਸਿੱਧ ਲੋਕਾਂ ਦੇ ਦੇਸ਼ ਛੱਡ ਜਾਣ ਦਾ ਸ਼ੱਕ ਨਹੀਂ ਹੈ, ਇਸ ਲਈ ਪੇਸ਼ੀ ਤੋਂ ਛੋਟ ਦਿੱਤੀ ਜਾਂਦੀ ਹੈ। ਇਸ ਪਿੱਛੋਂ ਉਨ੍ਹਾਂ ਨੇ ਦੋਵਾਂ ਨੂੰ ਅਗਲੀ ਸੁਣਵਾਈ ਉਤੇ 21 ਜੁਲਾਈ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਹੁਕਮ ਦਿੱਤਾ। ਗੌਰਤਲਬ ਹੈ ਕਿ ਸੁਖਬੀਰ ਸਿੰਘ ਬਾਦਲ ਨੇ 23 ਅਗਸਤ 2018 ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਜਾਂਚ ਕਮਿਸ਼ਨ ਦੇ ਖਿਲਾਫ ਮੰਦਭਾਗੀ ਟਿੱਪਣੀ ਕੀਤੀ ਸੀ।

## ਮਾਨ ਦੇ ਦੋਸ਼ਾਂ ਪਿੱਛੋਂ ਮਾਨਸ਼ਾਹੀਆ ਨੇ 50 ਲੱਖ ਦਾ ਮਾਣਹਾਨੀ ਨੋਟਿਸ ਭੇਜਿਆ

ਮਾਨਸਾ, 30 ਅਪ੍ਰੈਲ (ਪੋਸਟ ਬਿਊਰੋ)- ਪਿੱਛੇ ਜਿਹੇ ਆਮ ਆਦਮੀ ਪਾਰਟੀ ਦੇ ਮਾਨਸਾ ਹਲਕੇ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਵਿਧਾਇਕ ਵਜੋਂ ਅਸਤੀਫਾ ਦੇ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ 'ਚ ਕਾਂਗਰਸ ਵਿੱਚ ਸ਼ਾਮਲ ਹੋ ਗਏ ਤਾਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਵੱਲੋਂ ਲਾਏ ਦੋਸ਼ਾਂ ਉੱਤੇ ਮਾਨਸ਼ਾਹੀਆ ਨੇ ਭਗਵੰਤ ਮਾਨ ਨੂੰ 50 ਲੱਖ ਰੁਪਏ ਦਾ ਮਾਣਹਾਨੀ ਨੋਟਿਸ ਭੇਜਿਆ ਹੈ।



ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਵਿੱਚ ਸ਼ਾਮਲ ਹੋਣ 'ਤੇ ਨਾਜ਼ਰ ਸਿੰਘ ਮਾਨਸ਼ਾਹੀਆ ਬਾਰੇ ਭਗਵੰਤ ਮਾਨ ਨੇ ਕਿਹਾ ਸੀ ਕਿ ਉਹ 10 ਕਰੋੜ ਰੁਪਏ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਮੈਨੀ ਲੈਣ ਲਈ ਕਾਂਗਰਸ ਵਿੱਚ ਗਏ ਹਨ, ਜਿਸ ਬਾਰੇ ਕੱਲ੍ਹ ਨਾਜ਼ਰ ਸਿੰਘ ਮਾਨਸ਼ਾਹੀਆ ਨੇ ਪ੍ਰੈੱਸ ਕਾਨਫਰੰਸ ਵਿੱਚ ਜਵਾਬ ਦਿੰਦਿਆਂ ਇਸ ਨੂੰ ਆਧਾਰਹੀਣ ਦੋਸ਼ ਕਰਾਰ ਦਿੱਤਾ ਤੇ ਕਿਹਾ ਕਿ ਪੰਜਾਬ ਵਿੱਚ ਪਾਰਟੀ ਨੂੰ ਖੇਰੂੰ-ਖੇਰੂੰ ਕਰਨ ਵਾਲਾ ਭਗਵੰਤ ਮਾਨ ਮੇਰੇ ਉਤੇ ਇਲਜ਼ਾਮ ਲਾ ਰਿਹਾ ਹੈ ਕਿ ਮੈਂ ਪੈਸਿਆਂ ਅਤੇ ਅਹੁਦੇ ਖਾਤਰ ਵਿਕ ਗਿਆ ਹਾਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਸ਼ਾਂ ਲਈ ਉਨ੍ਹਾਂ ਵੱਲੋਂ ਭਗਵੰਤ ਮਾਨ ਨੂੰ 50 ਲੱਖ ਰੁਪਏ ਦਾ ਮਾਣਹਾਨੀ ਦਾ ਨੋਟਿਸ ਭੇਜਿਆ ਗਿਆ ਹੈ। ਉਨ੍ਹਾਂ ਭਗਵੰਤ ਮਾਨ ਬਾਰੇ ਕਿਹਾ ਕਿ ਮੁੱਖ ਮੰਤਰੀ ਬਣਨ ਦਾ ਸੁਫਨਾ ਦੇਖੀ ਬੈਠੇ ਭਗਵੰਤ ਮਾਨ ਅਸਲ ਵਿੱਚ ਇੱਕ ਪਾਰਟੀ ਦੀ ਪ੍ਰਧਾਨਗੀ ਦੇ ਵੀ ਯੋਗ ਨਹੀਂ, ਕਿਉਂਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ ਹੀ ਪਾਰਟੀ ਪਹਿਲਾਂ ਦੋ ਥਾਈਂ ਪਾਟੀ ਹੈ। ਭਗਵੰਤ ਮਾਨ ਵੱਲੋਂ ਲਾਏ ਦੋਸ਼ਾਂ ਬਾਰੇ ਮਾਨਸ਼ਾਹੀਆ ਨੇ ਕਿਹਾ ਕਿ ਇਸ ਤੋਂ ਪਹਿਲਾਂ ਕਿ ਉਹ ਖੁਦ ਕੁਝ ਕਹਿਣ, ਉਸ ਪਾਰਟੀ ਦੇ ਤਿੰਨ ਵਿਧਾਇਕ, ਕੰਵਰ ਸੰਧੂ, ਪਿਰਮਲ ਸਿੰਘ ਖਾਲਸਾ ਤੇ ਅਮਰਜੀਤ ਸਿੰਘ ਸੰਦੋ-ਹਾ ਇਸ ਖਬਰ ਦਾ ਖੰਡਨ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਸਮਝਣਾ ਚਾਹੀਦਾ ਹੈ ਕਿ ਲੋਕ ਇਸ ਗੱਲ ਤੋਂ ਜਾਣੂ ਹਨ ਕਿ ਮਾਨ ਨੇ ਆਪਣੇ ਨਿੱਜੀ ਮੁਫਾਦਾਂ ਕਾਰਨ ਇੱਕ ਕ੍ਰਾਂਤੀ ਦਾ ਕਤਲ ਕੀਤਾ ਹੈ।

## ਸਾਬਕਾ ਭਾਜਪਾ ਵਿਧਾਇਕ ਸੁਖਪਾਲ ਨੰਨੂ ਉੱਤੇ ਨਵ ਵਿਆਹੁਤਾ ਦੇ ਅਗਵਾ ਦਾ ਪਰਚਾ ਦਰਜ

ਫਿਰੋਜ਼ਪੁਰ, 30 ਅਪ੍ਰੈਲ (ਪੋਸਟ ਬਿਊਰੋ)- ਨਵ ਵਿਆਹੁਤਾ ਲਾਪਤਾ ਲੜਕੀ ਨਵਪ੍ਰੀਤ ਕੌਰ ਦੇ ਕੇਸ ਵਿੱਚ ਨਵਾਂ ਮੋੜ ਆ ਗਿਆ ਹੈ। ਥਾਣਾ ਆਰਿਫਕੇ ਦੀ ਪੁਲਸ ਨੇ ਲੜਕੀ ਦੇ ਪਤੀ ਦੇ ਬਿਆਨਾਂ ਉੱਤੇ ਸਾਬਕਾ ਭਾਜਪਾ ਵਿਧਾਇਕ ਸੁਖਪਾਲ ਸਿੰਘ ਨੰਨੂ ਨੂੰ ਇਸ ਕੇਸ ਵਿੱਚ ਨਾਮਜ਼ਦ ਕਰਦੇ ਹੋਏ ਫਿਰੋਜ਼ਪੁਰ ਵਿੱਚ ਉਸ ਦੀ ਕੋਠੀ ਤੋਂ ਲੜਕੀ ਦੀ ਬਰਾਮਦਗੀ ਬਾਰੇ ਛਾਪਾ ਮਾਰਿਆ ਹੈ। ਥਾਣਾ ਮੁਖੀ ਮੋਹਿਤ ਧਵਨ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਨੰਨੂ ਨੇ ਅਗਵਾ ਕੀਤੀ ਲੜਕੀ ਨੂੰ ਆਪਣੀ ਕੋਠੀ ਵਿੱਚ ਲੁਕਾ ਕੇ ਰੱਖਿਆ ਹੋਇਆ ਹੈ। ਪਤਾ ਲੱਗਾ ਹੈ ਕਿ



ਸੂਚਨਾ ਦੇ ਆਧਾਰ 'ਤੇ ਛਾਪਾ ਮਾਰਿਆ ਗਿਆ, ਪਰ ਕੁਝ ਵੀ ਬਰਾਮਦ ਨਹੀਂ ਹੋਇਆ। ਥਾਣਾ ਮੁਖੀ ਨੇ ਦੱਸਿਆ ਕਿ ਨਵਪ੍ਰੀਤ ਦੇ ਪਤੀ ਸਤਨਾਮ ਸਿੰਘ ਨੇ ਪੁਲਸ ਨੂੰ ਬਿਆਨ ਦਿੱਤੇ ਹਨ ਕਿ ਉਨ੍ਹਾਂ ਨੂੰ ਯਕੀਨ ਹੋ ਗਿਆ ਹੈ ਕਿ ਨੰਨੂ ਹੀ ਉਸ ਦੀ ਪਤਨੀ ਨੂੰ ਅਗਵਾ ਕਰ ਕੇ ਲੈ ਗਿਆ ਹੈ। ਬੀਤੀ 27 ਅਪ੍ਰੈਲ ਨੂੰ ਲਾਪਤਾ ਲੜਕੀ ਨਵਪ੍ਰੀਤ ਕੌਰ ਦੇ ਪਤੀ ਸਤਨਾਮ ਸਿੰਘ ਨੇ ਥਾਣਾ ਆਰਿਫਕੇ ਦੀ ਪੁਲਸ ਨੂੰ ਬਿਆਨ ਦਿੱਤਾ ਸੀ ਕਿ ਉਸ ਦਾ ਵਿਆਹ ਛੇ ਅਪ੍ਰੈਲ ਨੂੰ ਹੋਇਆ ਸੀ ਅਤੇ 24 ਅਪ੍ਰੈਲ ਨੂੰ ਉਹ ਕਣਕ ਵੇਚਣ ਲਈ ਫਿਰੋਜ਼ਪੁਰ ਮੰਡੀ ਵਿੱਚ ਗਿਆ ਹੋਇਆ ਸੀ। ਦੇਰ ਰਾਤ ਜਦ ਉਹ ਘਰ ਪੁੱਜਾ ਤਾਂ ਉਸ ਦੀ ਪਤਨੀ ਗਾਇਬ ਸੀ। ਉਸ ਨੇ ਸ਼ੱਕ ਪ੍ਰਗਟਾਇਆ ਸੀ ਕਿ ਉਸ ਦੀ ਪਤਨੀ ਨੂੰ ਕੋਈ ਅਗਵਾ ਕਰ ਕੇ ਲੈ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਸਤਨਾਮ ਸਿੰਘ ਨੇ ਬਿਆਨ ਦਿੱਤੇ ਹਨ ਕਿ ਉਸ ਨੂੰ ਯਕੀਨ ਹੈ ਕਿ ਨਵਪ੍ਰੀਤ ਕੌਰ ਨੂੰ ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਨੇ ਹੀ ਅਗਵਾ ਕੀਤਾ ਹੈ।

## ਦੇਸੀ ਪਿਸਤੌਲ ਦਿਖਾ ਕੇ ਬੁਲੇਟ ਲੁੱਟਣ ਵਾਲਾ ਕਾਬੂ, ਸਾਥੀ ਫਰਾਰ

ਜਲੰਧਰ, 30 ਅਪ੍ਰੈਲ (ਪੋਸਟ ਬਿਊਰੋ)- ਥਾਣਾ ਨੂਰਮਹਿਲ ਪੁਲਸ ਨੇ ਚਾਰ ਕੁ ਦਿਨ ਪਹਿਲਾਂ ਪਿਸਤੌਲ ਦਿਖਾ ਕੇ ਬੁਲੇਟ ਮੋਟਰ ਸਾਈਕਲ ਲੁੱਟਣ ਵਾਲੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਉਸ ਦੀ ਪਛਾਣ ਬਿਲਗਾ ਦੇ ਮੁਹੱਲਾ ਬੀਬੀ ਦੀਪ ਕੌਰ ਵਾਸੀ ਅਨਿਲ ਕਪੂਰ ਵਜੋਂ ਹੋਈ ਹੈ। ਉਸ ਨੂੰ ਗ੍ਰਿਫਤਾਰ ਕਰ ਕੇ ਪੁਲਸ ਨੇ ਉਸ ਤੋਂ ਲੁੱਟੇ ਗਏ ਮੋਟਰ ਸਾਈਕਲ ਸਮੇਤ ਵਾਰਦਾਤ ਵਿੱਚ ਵਰਤੀ ਗਈ ਦੇਸੀ ਪਿਸਤੌਲ ਅਤੇ ਪੰਜ ਕਾਰਤੂਸ ਬਰਾਮਦ ਕੀਤੇ ਹਨ। ਅਨਿਲ ਦਾ ਸਾਥੀ ਦੋਸ਼ੀ ਮਨਪ੍ਰੀਤ ਸਿੰਘ ਉਰਫ ਮੰਨਾ ਮਾਮਲੇ ਵਿੱਚ ਫਰਾਰ ਚੱਲ ਰਿਹਾ ਹੈ।

ਕੱਲ੍ਹ ਪ੍ਰੈਸ ਕਾਨਫਰੰਸ ਵਿੱਚ ਐੱਸ ਐੱਸ ਪੀ ਦਿਹਾਤੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਨਕੋਦਰ ਥਾਣੇ ਦੇ ਪਿੰਡ ਗਹੀਰਾਂ ਦੇ ਗੁਰਦੀਪ ਸਿੰਘ ਉਰਫ ਦੀਪ 25 ਅਪ੍ਰੈਲ ਨੂੰ ਬੁਲੇਟ ਮੋਟਰ ਸਾਈਕਲ ਉਤੇ ਸਹੁਰੇ ਪਿੰਡ ਰਾਮੇਵਾਲ ਤੋਂ ਪਿੰਡ ਗਹੀਰਾਂ ਆਪਣੇ ਘਰ ਜਾ ਰਿਹਾ ਸੀ। ਜਦੋਂ ਉਹ ਨੂਰਮਹਿਲ ਦੇ ਏ-ਵਨ ਸਕੂਲ ਕੋਲ ਪਹੁੰਚਿਆ ਤਾਂ ਦੋ ਅਣਪਛਾਤੇ ਨੌਜਵਾਨਾਂ ਨੇ ਉਸ ਨੂੰ ਅਚਾਨਕ ਰੋਕ ਲਿਆ ਅਤੇ ਕਨਪਟੀ 'ਤੇ ਪਿਸਤੌਲ ਤਾਣ ਕੇ ਬੁਲੇਟ ਖੋਹ ਲਿਆ। ਇਸ ਦੇ ਬਾਅਦ ਦੋਵੇਂ ਨੌਜਵਾਨ ਬਾਈਕ ਲੁੱਟ ਕੇ ਫਰਾਰ ਹੋ ਗਏ। ਐੱਸ ਐੱਸ ਪੀ ਨੇ ਦੱਸਿਆ ਕਿ ਇਸ ਦੀ ਜਾਂਚ ਪਿੱਛੋਂ ਪੁਲਸ ਨੇ ਸਿਰਫ 72 ਘੰਟਿਆਂ ਵਿੱਚ ਕੇਸ ਹੱਲ ਕਰ ਕੇ ਦੋਸ਼ੀ ਨੂੰ ਲੁੱਟੇ ਗਏ ਮੋਟਰ ਸਾਈਕਲ ਸਣੇ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੇ ਦੱਸਿਆ ਕਿ ਥਾਣਾ ਨੂਰਮਹਿਲ ਦੇ ਏ ਐੱਸ ਆਈ ਦਿਨੇਸ਼ ਕੁਮਾਰ ਕੋਟ ਬਾਦਲ ਖਾਂ ਪੁਲੀ ਉੱਤੇ ਮੌਜੂਦ ਸਨ ਤਾਂ ਮੋਟਰ ਸਾਈਕਲ 'ਤੇ ਸਵਾਰ ਉਕਤ ਦੋਸ਼ੀ ਪੁਲਸ ਨੂੰ ਦੇਖ ਕੇ ਮੁੜਨ ਲੱਗਾ। ਪੁਲਸ ਨੇ ਉਸ ਨੂੰ ਕਾਬੂ ਕਰ ਕੇ ਪੁੱਛਗਿੱਛ ਕੀਤੀ ਤਾਂ ਮੰਨਿਆ ਕਿ ਉਸ ਨੇ ਇਹ ਬਾਈਕ ਨੂਰਮਹਿਲ ਦੇ ਏ-ਵਨ ਸਕੂਲ ਨੇੜੇ 25 ਅਪ੍ਰੈਲ ਨੂੰ ਪਿਸਟਲ ਦਿਖਾ ਕੇ ਲੁੱਟੀ ਸੀ। ਦੋਸ਼ੀ ਨੇ ਪੁਲਸ ਨੂੰ ਦੱਸਿਆ ਕਿ ਵਾਰਦਾਤ ਵਿੱਚ ਵਰਤੀ ਗਈ ਦੇਸੀ ਪਿਸਤੌਲ ਉਸ ਨੇ ਪਿੰਡ ਭੋਡੇ ਤੋਂ ਤਲਵਣ ਰੋਡ ਦੇ ਭੱਠੇ ਨੇੜੇ ਝਾੜੀਆਂ ਵਿੱਚ ਛੁਪਾਈ ਹੈ, ਪੁਲਸ ਨੇ ਦੋਸ਼ੀ ਦੀ ਨਿਸ਼ਾਨਦੇਹੀ 'ਤੇ ਉਹ ਪਿਸਤੌਲ ਪੰਜ ਕਾਰਤੂਸ ਸਮੇਤ ਕਬਜ਼ੇ ਵਿੱਚ ਲੈ ਲਿਆ।

## ਪਾਕਿ ਵਿੱਚ ਹਿੰਦੂ ਦਾ ਬੇਰਹਿਮੀ ਨਾਲ ਕਤਲ, ਦੋ ਕੁੜੀਆਂ ਅਗਵਾ



ਅੰਮ੍ਰਿਤਸਰ, 30 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਵਿੱਚ ਘੱਟ ਗਿਣਤੀ ਭਾਈਚਾਰੇ ਦੀਆਂ ਨਾਬਾਲਗ ਕੁੜੀਆਂ ਨੂੰ ਅਗਵਾ ਕਰਕੇ ਧਰਮ ਪਰਿਵਰਤਨ ਕਰਾਉਣਨ ਦੀਆਂ ਕਾਰਵਾਈਆਂ ਵਧਦੀਆਂ ਜਾ ਰਹੀਆਂ ਹਨ। ਇਸੇ ਲਈ ਸਿੰਧ ਦੇ ਸ਼ਹਿਰ ਹੈਦਰਾਬਾਦ ਤੋਂ ਰਾਧਾ ਬਾਗੜੀ ਤੇ ਟੰਡੋ ਅੱਲ੍ਹਾ ਯਾਰ ਤੋਂ ਅਨੀਤਾ ਕੋਹਲੀ ਨਾਂਅ ਦੀਆਂ ਹਿੰਦੂ ਮੁਟਿਆਰਾਂ ਨੂੰ ਅਗਵਾ ਕਰਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਅਨੀਤਾ ਕੋਹਲੀ ਨੂੰ ਕੁਝ ਅਣਪਛਾਤੇ ਲੋਕਾਂ ਵੱਲੋਂ ਹਥਿਆਰਾਂ ਦੇ ਜ਼ੋਰ 'ਤੇ ਅਗਵਾ ਕੀਤੇ ਜਾਣ ਪਿੱਛੋਂ ਬਰਾਚੁੰਡੀ ਸ਼ਰੀਫ ਦਰਗਾਹ ਦੇ ਪੀਰ ਅਬਦਲ ਹੱਕ ਉਰਫ ਮੀਆਂ ਮਿੱਠੂ ਕੋਲੋਂ ਉਸ ਦਾ ਧਰਮ ਪਰਿਵਰਤਨ ਕਰਵਾਇਆ ਗਿਆ ਅਤੇ ਰਾਧਾ ਬਾਗੜੀ ਨੂੰ ਹੈਦਰਾਬਾਦ ਤੋਂ ਇਬਰਾਹੀਮ ਦਸਤੀ ਨਾਂਅ ਦੇ ਪੁਲਸ ਮੁਲਾਜ਼ਮ ਵੱਲੋਂ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਅਗਵਾ ਕਰਕੇ ਕਿਸੇ ਗੁਪਤ ਟਿਕਾਣੇ 'ਤੇ ਰੱਖਿਆ ਗਿਆ। ਪੀੜਤਾ ਦੀ ਮਾਂ ਗੋਮਾ ਬਾਗੜੀ ਨੇ ਇਲਾਕੇ ਦੇ ਹਿੰਦੂਆਂ ਨੂੰ ਨਾਲ ਲੈ ਕੇ ਜ਼ਿਲੇ ਦੇ ਭਟਾਈ ਨਗਰ ਥਾਣੇ ਵਿੱਚ ਸ਼ਿਕਾਇਤ ਦਰਜ ਕਰਾਈ ਤਾਂ ਪੁਲਸ ਨੇ ਆਪਣੇ ਮੁਲਾਜ਼ਮ ਨੂੰ ਬਚਾਉਣ ਲਈ ਰਾਧਾ ਦੀ ਥਾਂ ਕਿਸੇ ਹੋਰ ਕੁੜੀ ਨੂੰ ਅਦਾਲਤ ਵਿੱਚ ਮੈਜਿਸਟਰੇਟ ਅੱਗੇ ਪੇਸ਼ ਕਰ ਦਿੱਤਾ, ਜਿਸ ਨੇ ਇਹ ਬਿਆਨ ਦਿੱਤਾ ਕਿ ਉਹ ਬਾਲਗ ਹੈ ਅਤੇ ਉਸ ਨੇ ਆਪਣੀ ਇੱਛਾ ਨਾਲ ਇਸਲਾਮ ਕਬੂਲ ਕਰਕੇ ਇਬਰਾਹੀਮ ਦਸਤੀ ਨਾਲ ਨਿਕਾਹ ਕੀਤਾ ਹੈ। ਇਸ ਦੇ ਬਾਅਦ ਅਦਾਲਤੀ ਹੁਕਮ 'ਤੇ ਪੁਲਸ ਨੇ ਅਗਵਾ ਤੇ ਜ਼ਬਰੀ ਧਰਮ ਪਰਿਵਰਤਨ ਦਾ ਮਾਮਲਾ ਰੱਦ ਕਰ ਦਿੱਤਾ। ਗੋਮਾ ਬਾਗੜੀ ਨੇ ਦੋਸ਼ ਲਾਇਆ ਕਿ ਅਗਵਾਕਾਰਾਂ ਨੇ ਉਸ ਦੀ ਧੀ ਨੂੰ ਮਾਰ ਦਿੱਤਾ ਹੈ, ਜਿਸ ਕਾਰਨ ਉਸ ਦੀ ਥਾਂ ਕਿਸੇ ਹੋਰ ਕੁੜੀ ਨੂੰ ਅਦਾਲਤ 'ਚ ਪੇਸ਼ ਕੀਤਾ ਹੈ।

## ਦੁਬਈ ਵਿੱਚ ਟਰਾਂਸਪੋਰਟ ਖੋਲ੍ਹਣ ਦੇ ਨਾਂਅ ਉਤੇ ਦੋ ਭਰਾਵਾਂ ਨਾਲ 1.40 ਕਰੋੜ ਦੀ ਠੱਗੀ

ਬਟਾਲਾ, 30 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਵੱਸਦੇ ਦੋ ਭਰਾਵਾਂ ਨਾਲ ਦੁਬਈ 'ਚ ਟਰਾਂਸਪੋਰਟ ਖੁੱਲ੍ਹਵਾਉਣ ਦੇ ਨਾਂਅ ਉੱਤੇ 1.40 ਕਰੋੜ ਰੁਪਏ ਦੀ ਠੱਗੀ ਕਰਨ ਦੇ ਦੋਸ਼ ਹੇਠ ਥਾਣਾ ਬਿਆਸ ਦੀ ਪੁਲਸ ਵੱਲੋਂ ਪੰਜ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਅਤੇ ਜਾਂਚ ਸ਼ੁਰੂ ਕੀਤੀ ਗਈ ਹੈ।



ਇਸ ਬਾਰੇ ਰਾਜੀਵ ਗਾਂਧੀ ਤੇ ਰਜਨੀਸ਼ ਕੁਮਾਰ ਵਾਸੀ ਬਟਾਲਾ ਨੇ ਪੁਲਸ ਨੂੰ ਸਤੰਬਰ 2018 ਵਿੱਚ ਦਿੱਤੀ ਗਈ ਦਰਖਾਸਤ ਵਿੱਚ ਦੱਸਿਆ ਕਿ ਉਨ੍ਹਾਂ ਦਾ ਟਰਾਂਸਪੋਰਟ ਦਾ ਕਾਰੋਬਾਰ ਹੈ ਤੇ 2017 ਵਿੱਚ ਪਿੰਡ ਵਡਾਲਾ ਦਾ ਅਮਰੀਕ ਸਿੰਘ ਉਨ੍ਹਾਂ ਨੂੰ ਮਿਲਿਆ ਤਾਂ ਉਸ ਨੇ ਕਿਹਾ ਸੀ ਕਿ ਉਸ ਦੀ ਪਛਾਣ ਦੇ ਲੋਕ ਦੁਬਈ ਵਿੱਚ ਹਨ, ਓਥੇ ਉਨ੍ਹਾਂ ਦਾ ਟਰਾਂਸਪੋਰਟ ਖੁੱਲ੍ਹਵਾ ਦੇਵੇਗਾ। ਰਾਜੀਵ ਤੇ ਰਜਨੀਸ਼ ਦੇ ਦੱਸਣ ਅਨੁਸਾਰ ਇਸ ਤੋਂ ਬਾਅਦ ਅਮਰੀਕ ਸਿੰਘ ਨੇ ਉਨ੍ਹਾਂ ਨੂੰ ਝਾਂਸੇ ਵਿੱਚ ਲੈ ਕੇ ਦੁਬਈ ਵਿੱਚ ਰਹਿੰਦੇ ਐੱਸ ਬੀ ਐੱਸ ਨਗਰ ਦੇ ਦੋ ਭਰਾਵਾਂ ਪਰਮਿੰਦਰ ਸਿੰਘ ਤੇ ਹਰਪਿੰਦਰ ਸਿੰਘ ਨਾਲ ਜਾਣ ਪਛਾਣ ਕਰਵਾਈ, ਜਿਸ ਤੋਂ ਬਾਅਦ ਇਨ੍ਹਾਂ ਦੀ ਮਾਤਾ ਕਸ਼ਮੀਰ ਕੌਰ, ਪਰਮਿੰਦਰ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਤੇ ਅਮਰੀਕ ਸਿੰਘ ਨੇ ਉਨ੍ਹਾਂ ਤੋਂ 1.40 ਕਰੋੜ ਰੁਪਏ ਲੈ ਕੇ ਕਿਹਾ ਕਿ ਦੁਬਈ ਵਿੱਚ ਉਨ੍ਹਾਂ ਦੀ ਬੰਟੀ ਟਰਾਂਸਪੋਰਟ ਦੇ ਨਾਂਅ 'ਤੇ ਕੰਪਨੀ ਖੋਲ੍ਹ ਦਿੱਤੀ ਗਈ ਹੈ। ਰਾਜੀਵ ਤੇ ਰਜਨੀਸ਼ ਨੇ ਦਰਖਾਸਤ ਵਿੱਚ ਦੱਸਿਆ ਕਿ ਕੁਝ ਸਮਾਂ ਬੀਤਣ ਪਿੱਛੋਂ ਸਾਨੂੰ ਦੋਵਾਂ ਭਰਾਵਾਂ ਨੂੰ ਪਰਮਿੰਦਰ ਤੇ ਹਰਪਿੰਦਰ ਨੇ ਦੁਬਈ ਬੁਲਾ ਲਿਆ ਤੇ ਬੰਟੀ ਟਰਾਂਸਪੋਰਟ ਨਾਂਅ ਦੀ ਕੰਪਨੀ ਦਿਖਾ ਦਿੱਤੀ ਤਾਂ ਉਨ੍ਹਾਂ 21 ਹਜ਼ਾਰ ਦਿਰਾਮ ਦੇ ਕੇ ਕਿਹਾ ਕਿ ਤੁਸੀਂ ਘਰ ਜਾਓ, ਹਰ ਮਹੀਨੇ ਤੁਹਾਨੂੰ 21 ਹਜ਼ਾਰ ਦਰਾਮ ਭੇਜਦੇ ਰਹਾਂਗੇ। ਦੋਵਾਂ ਭਰਾਵਾਂ ਨੇ ਦੱਸਿਆ ਕਿ ਭਾਰਤ ਆਉਣ ਦੇ ਬਾਅਦ ਉਨ੍ਹਾਂ ਪਰਮਿੰਦਰ ਤੇ ਹਰਪਿੰਦਰ ਨੇ ਕੇਵਲ ਇੱਕ ਮਹੀਨਾ 21 ਹਜ਼ਾਰ ਦਰਾਮ ਭੇਜੇ ਤੇ ਫਿਰ ਪੈਸੇ ਭੇਜਣੇ ਬੰਦ ਕਰ ਦਿੱਤੇ ਤਾਂ ਪਤਾ ਲੱਗਾ ਕਿ ਉਨ੍ਹਾਂ ਪੰਜਾਂ ਨੇ ਮਿਲ ਕੇ ਉਨ੍ਹਾਂ ਨਾਲ ਠੱਗੀ ਮਾਰੀ ਤੇ ਦੁਬਈ ਵਿੱਚ ਉਨ੍ਹਾਂ ਦੇ ਨਾਂਅ 'ਤੇ ਫਰਜ਼ੀ ਕੰਪਨੀ ਖੋਲ੍ਹੀ ਹੈ। ਇਸ ਬਾਰੇ ਥਾਣਾ ਬਿਆਸ ਦੀ ਪੁਲਸ ਨੇ ਉਕਤ ਪੰਜਾਂ ਦੇ ਵਿਰੁੱਧ ਬਣਦੀਆਂ ਧਾਰਾਵਾਂ ਦਾ ਮੁਕੱਦਮਾ ਦਰਜ ਕਰ ਦਿੱਤਾ ਹੈ।

## ਏਕਤਾ ਲਈ ਸੱਦੀ ਬੈਠਕ ਵਿੱਚ ਜੋਸਨ ਤੇ ਰਿਣਵਾ ਨਹੀਂ ਗਏ

ਫਿਰੋਜ਼ਪੁਰ, 30 ਅਪ੍ਰੈਲ (ਪੋਸਟ ਬਿਊਰੋ)- ਫਿਰੋਜ਼ਪੁਰ ਤੋਂ ਕਾਂਗਰਸ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਦੀ ਜਿੱਤ ਪੱਕੀ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਕਾਂਗਰਸ ਨੇਤਾਵਾਂ ਨਾਲ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਘਰ ਬੈਠਕ ਕੀਤੀ ਤਾਂ ਸਿਆਸੀ ਸੂਤਰਾਂ ਦੇ ਮੁਤਾਬਕ ਜਲਾਲਾਬਾਦ ਤੋਂ ਸਾਬਕਾ ਮੰਤਰੀ ਹੰਸ ਰਾਜ ਜੋਸਨ ਅਤੇ ਫਾਜ਼ਿਲਕਾ ਦੇ ਸਾਬਕਾ ਵਿਧਾਇਕ ਡਾ. ਮਹਿੰਦਰ ਰਿਣਵਾ ਇਸ ਬੈਠਕ ਵਿੱਚ ਨਹੀਂ ਪਹੁੰਚੇ। ਦੋਵਾਂ ਨੇਤਾਵਾਂ ਦੀ ਨਾਰਾਜ਼ਗੀ ਘੁਬਾਇਆ ਲਈ ਕਈ ਮੁਸ਼ਕਿਲਾਂ ਖੜੀ ਕਰ ਸਕਦੀ ਹੈ। ਸਿਆਸੀ ਮਾਹਰਾਂ ਦੇ ਮੁਤਾਬਕ ਜਦ ਸ਼ੇਰ ਸਿੰਘ ਘੁਬਾਇਆ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਦੇ ਬਾਅਦ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੇ ਫਿਰੋਜ਼ਪੁਰ ਤੋਂ ਟਿਕਟ ਦੇਣ ਦੇ ਸੰਕੇਤ ਦਿੱਤੇ ਤਾਂ ਫਿਰੋਜ਼ਪੁਰ ਵਿੱਚ ਕਾਂਗਰਸੀਆਂ ਨੇ ਘੁਬਾਇਆ ਦਾ ਵਿਰੋਧ ਓਦੋਂ ਹੀ ਸ਼ੁਰੂ ਕਰ ਦਿੱਤਾ ਸੀ। ਜਲਾਲਾਬਾਦ ਤੋਂ ਹੰਸ ਰਾਜ ਜੋਸਨ ਤੇ ਫਾਜ਼ਿਲਕਾ ਤੋਂ ਡਾ. ਮਹਿੰਦਰ ਰਿਣਵਾ ਨੇ ਮੀਡੀਆ ਦੇ ਸਾਹਮਣੇ ਘੁਬਾਇਆ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ। ਫਿਰ 19 ਅਪ੍ਰੈਲ ਨੂੰ ਹਾਈ ਕਮਾਨ ਨੇ ਘੁਬਾਇਆ ਨੂੰ ਟਿਕਟ ਦੇਣ ਦਾ ਐਲਾਨ ਕੀਤਾ ਤਾਂ ਜੋਸਨ ਅਤੇ ਰਿਣਵਾ ਨੇ ਤੈਅ ਕਰ ਲਿਆ ਕਿ ਨਾ ਘੁਬਾਇਆ ਦਾ ਪ੍ਰਚਾਰ ਕਰਨਗੇ ਅਤੇ ਨਾ ਸਮਰਥਨ।

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





## ਡੇਰਾ ਸਿਰਸਾ ਵਲੋਂ ਜਾਮ-ਏ-ਇੰਸਾ ਅਤੇ ਸਥਾਪਨਾ ਦਿਵਸ ਮੌਕੇ ਇਕੱਠ ਕੀਤਾ ਗਿਆ



ਸਿਰਸਾ, 30 ਅਪ੍ਰੈਲ (ਪੋਸਟ ਬਿਊਰੋ)- ਬਲਾਤਕਾਰ ਦੇ ਕੇਸ ਵਿੱਚ ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ ਡੇਰਾ ਸਿਰਸਾ ਵੱਲੋਂ ਕੱਲ੍ਹ ਸਥਾਪਨਾ ਮੌਕੇ ਜਾਮ-ਏ-ਇੰਸਾ ਦਿਵਸ ਦੇ ਬਹਾਨੇ ਪਹਿਲੀ ਵਾਰ ਵੱਡਾ ਇਕੱਠ ਕੀਤਾ ਗਿਆ। ਹਰਿਆਣਾ, ਪੰਜਾਬ, ਰਾਜਸਥਾਨ ਸਣੇ ਕਈ ਰਾਜਾਂ ਦੇ ਪ੍ਰੇਮੀਆਂ ਤੋਂ ਇਲਾਵਾ ਡੇਰਾ ਮੁਖੀ ਦੀ ਮਾਤਾ ਨਸੀਬ ਕੌਰ, ਬੇਟਾ ਜਸਮੀਤ ਇੰਸਾਂ ਸਣੇ ਪਰਵਾਰਕ ਮੈਂਬਰਾਂ ਨੇ ਇਸ ਇਕੱਠ ਵਿੱਚ ਸ਼ਿਰਕਤ ਕੀਤੀ।

ਵਰਨਣ ਯੋਗ ਹੈ ਕਿ ਇਸ ਡੇਰੇ ਦੀ ਸਥਾਪਨਾ 29 ਅਪ੍ਰੈਲ 1948 ਨੂੰ ਸ਼ਾਹ ਮਸਤਾਨਾ ਵੱਲੋਂ ਕੀਤੀ ਗਈ ਸੀ ਅਤੇ 29 ਅਪ੍ਰੈਲ 2007 ਨੂੰ ਬਠਿੰਡਾ ਜ਼ਿਲੇ ਦੇ ਸਲਾਬਤਪੁਰ ਡੇਰੇ ਵਿੱਚ ਜਾਮ-ਏ-ਇੰਸਾਂ ਪਿਲਾਇਆ ਗਿਆ ਸੀ। ਇਸ ਮਗਰੋਂ ਡੇਰਾ ਪ੍ਰੇਮੀਆਂ ਨੇ ਆਪਣੇ ਨਾਂ ਮਗਰ ਇੰਸਾਂ ਲਾਉਣਾ ਤੇ ਗਲ ਵਿੱਚ ਇਕ ਨੰਬਰ ਦਾ ਲੌਕੇਟ ਪਾਉਣਾ ਸ਼ੁਰੂ ਕਰ ਦਿੱਤਾ ਸੀ। ਡੇਰਾ ਮੁਖੀ ਵੱਲੋਂ ਜਾਮ-ਏ-ਇੰਸਾਂ ਪਿਲਾਏ ਜਾਣ ਸਮੇਂ ਵਿਸ਼ੇਸ਼ ਕਿਸਮ ਦੀ ਪੋਸ਼ਾਕ ਪਾਈ ਗਈ ਸੀ, ਇਸ ਦਾ ਸਿੱਖ ਸੰਗਤ ਨੇ ਸਖਤ ਇਤਰਾਜ਼ ਕੀਤਾ ਸੀ। ਡੇਰੇ ਵੱਲੋਂ ਤਾਜ਼ਾ ਸ਼ਕਤੀ ਪ੍ਰਦਰਸ਼ਨ ਪੰਜਾਬ ਤੇ ਹਰਿਆਣਾ ਵਿੱਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਕੀਤਾ ਗਿਆ ਹੈ। ਏਥੇ ਆਈ ਭੀੜ ਨੂੰ ਭਾਵੇਂ ਸਿਆਸੀ ਸੁਨੇਹਾ ਨਹੀਂ ਦਿੱਤਾ ਗਿਆ, ਪਰ ਪ੍ਰੇਮੀਆਂ ਨੂੰ ਇਕਜੁੱਟ ਰਹਿਣ ਨੂੰ ਕਿਹਾ ਗਿਆ। ਡੇਰੇ ਦਾ ਸਿਆਸੀ ਵਿੰਗ ਸਮੇਂ-ਸਮੇਂ ਸਿਆਸੀ ਫੈਸਲੇ ਲੈਂਦਾ ਰਿਹਾ ਹੈ। ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਨਾਲ ਡੇਰੇ ਦੀਆਂ ਗਤੀਵਿਧੀਆਂ ਬੰਦ ਹੋ ਗਈਆਂ ਸਨ। ਕੱਲ੍ਹ ਹਰਿਆਣਾ ਕਾਂਗਰਸ ਦੇ ਪ੍ਰਧਾਨ ਅਸ਼ੋਕ ਤੰਵਰ, ਕਾਂਗਰਸ ਦੇ ਸੂਬਾ ਸਕੱਤਰ ਹੁਸ਼ਿਆਰੀ ਲਾਲ ਸ਼ਰਮਾ ਤੇ ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਦੀ ਸੂਬਾਈ ਮਹਿਲਾ ਪ੍ਰਧਾਨ ਸੰਤੋਸ਼ ਕਾਈਰਾਲੀਆ ਵੀ ਇਸ ਡੇਰੇ ਪੁੱਜੇ। ਸਿਰਸਾ ਲੋਕ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਅਸ਼ੋਕ ਤੰਵਰ ਨੇ ਕਰੀਬ ਦੋ ਘੰਟੇ ਡੇਰੇ ਦੇ ਸਹਿਸੰਗ ਹਾਲ ਵਿੱਚ ਬੈਠ ਕੇ ਸਿਮਰਨ ਵਿੱਚ ਸ਼ਿਕਤਕ ਕੀਤੀ। ਇਸ ਦੌਰਾਨ ਉਨ੍ਹਾਂ ਨੇ ਡੇਰੇ ਦੇ ਮੀਡੀਆ ਵਿੰਗ 'ਚ ਗੱਲਬਾਤ ਕੀਤੀ, ਪਰ ਮੀਡੀਆ ਤੋਂ ਬਚਦੇ ਨਜ਼ਰ ਆਏ।

## ਰਾਹੁਲ ਗਾਂਧੀ ਦੀ ਨਾਗਰਿਕਤਾ ਬਾਰੇ ਗ੍ਰਹਿ ਵਿਭਾਗ ਵੱਲੋਂ ਨੋਟਿਸ ਜਾਰੀ, 15 ਦਿਨਾਂ ਵਿੱਚ ਜਵਾਬ ਮੰਗਿਆ

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਨਾਗਰਿਕਤਾ ਬਾਰੇ ਮੁੜ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਦੋਹਰੀ ਨਾਗਰਿਕਤਾ ਦੇ ਮੁੱਦੇ ਤੋਂ ਗ੍ਰਹਿ ਵਿਭਾਗ ਨੇ ਰਾਹੁਲ ਗਾਂਧੀ ਨੂੰ ਨੋਟਿਸ ਭੇਜ ਕੇ ਅਗਲੇ 15 ਦਿਨ ਵਿੱਚ ਇਸ ਦਾ ਜਵਾਬ ਦੇਣ ਨੂੰ ਕਿਹਾ ਹੈ। ਨੋਟਿਸ ਵਿੱਚ ਰਾਹੁਲ ਗਾਂਧੀ ਤੋਂ ਪੁੱਛਿਆ ਗਿਆ ਹੈ ਕਿ ਦੋਹਰੀ ਨਾਗਰਿਕਤਾ ਦੇ ਦੋਸ਼ ਬਾਰੇ ਉਨ੍ਹਾਂ ਕੀ ਕਹਿਣਾ ਹੈ? ਉਂਜ ਰਾਹੁਲ ਗਾਂਧੀ ਦੀ ਨਾਗਰਿਕਤਾ ਦਾ ਮੁੱਦਾ ਪਹਿਲੀ ਵਾਰ ਨਹੀਂ ਉੱਠਿਆ।



ਜਾਣਕਾਰ ਸੂਤਰਾਂ ਮੁਤਾਬਕ ਭਾਜਪਾ ਦੇ ਪਾਰਲੀਮੈਂਟ ਮੈਂਬਰ ਸੁਬਰਾਮਣੀਅਮ ਸਵਾਮੀ ਨੇ ਰਾਹੁਲ ਗਾਂਧੀ ਦੇ ਬ੍ਰਿਟਿਸ਼ ਨਾਗਰਿਕ ਹੋਣ ਦਾ ਦਾਅਵਾ ਕੀਤਾ ਹੈ। ਇਸ ਲਈ ਅਟਕਲਾਂ ਲਾਈਆਂ ਜਾ ਰਹੀਆਂ ਹਨ ਕਿ ਸੁਬਰਾਮਣੀਅਮ ਸਵਾਮੀ ਦੀ ਇਸ ਸ਼ਿਕਾਇਤ ਉੱਤੇ ਗ੍ਰਹਿ ਵਿਭਾਗ ਨੇ ਰਾਹੁਲ ਗਾਂਧੀ ਨੂੰ ਨੋਟਿਸ ਜਾਰੀ ਕੀਤਾ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਰਾਹੁਲ ਗਾਂਧੀ ਦੇ ਖ਼ਿਲਾਫ਼ ਇਹੋ ਮੁੱਦਾ ਅਮੇਠੀ ਦੇ ਆਜ਼ਾਦ ਉਮੀਦਵਾਰ ਧਰੁਵ ਰਾਜ ਨੇ ਚੁੱਕਿਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਬ੍ਰਿਟਿਸ਼ ਕੰਪਨੀ ਪੰਜ ਸਾਲ ਚੱਲਦੀ ਰਹੀ ਅਤੇ ਉਸ ਨੇ ਕੁਝ ਮੁਨਾਫ਼ਾ ਕਮਾਇਆ ਹੋਵੇਗਾ, ਪਰ ਰਾਹੁਲ ਦੇ ਐਫੀਡੇਵਿਟ ਵਿੱਚ ਉਸ ਦਾ ਜ਼ਿਕਰ ਨਹੀਂ ਹੈ। ਇਸ ਪਿੱਛੋਂ ਭਾਜਪਾ ਨੇ ਪੁੱਛਿਆ ਕਿ 2004 ਵਿੱਚ ਦਿੱਤੇ ਚੋਣ ਐਫੀਡੇਵਿਟ ਦੇ ਅਨੁਸਾਰ ਰਾਹੁਲ ਗਾਂਧੀ ਨੇ ਕਿਸ ਕੰਪਨੀ ਵਿੱਚ ਨਿਵੇਸ਼ ਕੀਤਾ ਸੀ? ਇਸ ਮੌਕੇ ਨਰਸਿਮ੍ਹਾ ਰਾਓ ਨੇ ਦਾਅਵਾ ਕੀਤਾ ਕਿ ਇਸ ਕੰਪਨੀ ਦਾ ਨਾਂ ਬੈਕਸਪ ਲਿਮਿਟਡ ਹੈ ਤੇ ਲੰਡਨ ਵਿੱਚ ਰਜਿਸਰਟਡ ਹੈ। ਕੀ ਰਾਹੁਲ ਗਾਂਧੀ ਇਸ ਦੇ ਡਾਇਰੈਕਟਰ ਸਨ? ਉਕਤ ਕੰਪਨੀ ਵੱਲੋਂ ਬ੍ਰਿਟਿਸ਼ ਸਰਕਾਰ ਨੂੰ ਦਿੱਤੇ ਦਸਤਾਵੇਜ਼ਾਂ, ਜਿਸ ਵਿੱਚ ਮੈਮੋਰੈਂਡਮ ਆਫ਼ ਐਸੋਸੀਏਸ਼ਨ ਅਤੇ 31 ਅਗਸਤ 2005 ਦੀ ਮਿਆਦ ਦੀ ਸਲਾਨਾ ਰਿਟਰਨ ਵਿੱਚ ਸਾਫ਼ ਲਿਖਿਆ ਹੈ ਕਿ ਰਾਹੁਲ ਗਾਂਧੀ ਬ੍ਰਿਟਿਸ਼ ਨਾਗਰਿਕ ਹਨ। ਜੇ ਰਾਹੁਲ ਗਾਂਧੀ ਬ੍ਰਿਟਿਸ਼ਰ ਸਨ ਤਾਂ ਭਾਰਤੀ ਨਾਗਰਿਕਤਾ ਕਾਨੂੰਨ 1955 ਹੇਠ ਭਾਰਤੀ ਨਾਗਰਿਕਤਾ ਗੁਆ ਚੁੱਕੇ ਹਨ। ਇਸ ਕਾਨੂੰਨ ਮੁਤਾਬਕ ਦੂਸਰੇ ਦੇਸ਼ ਦੀ ਨਾਗਰਿਕਤਾ ਲੈਂਦੇ ਸਾਰ ਭਾਰਤੀ ਨਾਗਰਿਕਤਾ ਖਤਮ ਹੋ ਜਾਵੇਗੀ। ਲੋਕ ਸਭਾ ਚੋਣਾਂ ਵੇਲੇ ਰਾਹੁਲ ਗਾਂਧੀ ਦੀ ਨਾਗਰਿਕਤਾ ਦਾ ਮੁੱਦਾ ਚੁੱਕ ਕੇ ਭਾਜਪਾ ਨੂੰ ਕਾਂਗਰਸ ਉੱਤੇ ਹਮਲਾ ਕਰਨ ਦਾ ਇਕ ਹੋਰ ਮੌਕਾ ਮਿਲ ਗਿਆ ਹੈ।

## ਮ੍ਰਿਤਕਾਂ ਨੂੰ ਜ਼ਿੰਦਾ ਦਿਖਾ ਕੇ ਰਜਿਸਟਰੀ ਕਰਵਾਈ

ਰਾਈ, 30 ਅਪ੍ਰੈਲ (ਪੋਸਟ ਬਿਊਰੋ)- ਨਾਂਗਲ ਕਲਾਂ ਦੇ ਇੱਕ ਕਿਸਾਨ ਦੋਸ਼ ਹੈ ਕਿ ਬਿਲਡਰ ਨੇ ਉਸ ਦੀ ਮ੍ਰਿਤਕ ਭੈਣ ਅਤੇ ਨਾਬਾਲਗ ਭੈਣ ਦੀ ਜਗ੍ਹਾ ਕੋਈ ਹੋਰ ਲੜਕੀ ਖੜ੍ਹੀ ਕਰ ਕੇ ਜ਼ਮੀਨ ਦੀ ਰਜਿਸਟਰੀ ਕਰਵਾ ਲਈ ਹੈ। ਕੁੰਡਲੀ ਥਾਣਾ ਪੁਲਸ ਨੇ ਟੀ ਡੀ ਆਈ ਦੇ ਮਾਲਕ ਡੀ ਐਨ ਤਨੇਜਾ ਸਣੇ ਸੱਤ ਜਣਿਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਨਾਂਗਲ ਕਲਾਂ ਪਿੰਡ ਦੇ ਅਨਿਲ ਕੁਮਾਰ ਦਾ ਦੋਸ਼ ਹੈ ਕਿ ਉਨ੍ਹਾਂ ਦੀ 21 ਮਰਲੇ ਜ਼ਮੀਨ 2005-2006 ਵਿੱਚ ਟੀ ਡੀ ਆਈ ਕੰਪਨੀ ਨੂੰ ਵੇਚੀ ਗਈ ਸੀ। ਜਦ ਉਨ੍ਹਾਂ ਨੇ ਆਪਣੇ ਹਿੱਸੇ ਦੀ ਜ਼ਮੀਨ ਦੀ ਪੜਤਾਲ ਕੀਤੀ ਤਾਂ ਸਾਹਮਣੇ ਆਇਆ ਕਿ ਰਜਿਸਟਰੀ ਵਿੱਚ ਫਰਜ਼ੀਵਾੜਾ ਕੀਤਾ ਗਿਆ ਹੈ। ਅਨਿਲ ਦੋਸ਼ ਹੈ ਕਿ ਉਸ ਦੀ ਵੱਡੀ ਭੈਣ ਸੁਨੀਤਾ ਦੀ 1998 ਵਿੱਚ ਬਿਮਾਰੀ ਕਾਰਨ ਮੌਤ ਹੋ ਗਈ ਸੀ। ਇਨ ਟਾਈਮ ਪ੍ਰੋਮੋਟਰਜ਼ ਕੰਪਨੀ ਵਿੱਚ ਸੁਨੀਤਾ ਦੇ ਹਿੱਸੇ ਦੀ ਜ਼ਮੀਨ ਦੀ ਰਜਿਸਟਰੀ 2005-06 ਵਿੱਚ ਕਰਾਈ ਗਈ ਹੈ ਤਾਂ ਸੁਨੀਤਾ ਨੂੰ ਜ਼ਿੰਦਾ ਦਿਖਾਇਆ ਗਿਆ ਤੇ ਸੁਨੀਤਾ ਦੀ ਜਗ੍ਹਾ ਕਿਸੇ ਹੋਰ ਔਰਤ ਦੇ ਫੋਟੋ ਰਜਿਸਟਰੀ ਵਿੱਚ ਦਿਖਾਏ ਗਏ। ਇਸੇ ਤਰ੍ਹਾਂ ਅਨਿਲ ਦਾ ਦੋਸ਼ ਹੈ ਕਿ ਉਹ ਵੀ 2005-06 ਵਿੱਚ ਨਾਬਾਲਗ ਸੀ ਤੇ ਉਸ ਦੀ ਦੂਸਰੀ ਭੈਣ ਸੋਨੀਆ ਵੀ ਨਾਬਾਲਗ ਸੀ।

## ਸਿਵਲ ਜੱਜਾਂ ਦੀ ਨਿਯੁਕਤੀ ਹਾਈ ਕੋਰਟ ਨਹੀਂ ਕਰ ਸਕੇਗੀ

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਰਜਿਸਟਰੀ ਨੂੰ ਨਿਰਦੇਸ਼ ਦਿੱਤਾ ਕਿ ਉਸ ਦੀ ਇਜਾਜ਼ਤ ਦੇ ਬਿਨਾਂ ਉਹ ਹਰਿਆਣਾ 'ਚ ਜੱਜਾਂ ਦੀ ਨਿਯੁਕਤੀ ਨਾ ਕਰੇ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਰਜਿਸਟਰਾਰ ਜਨਰਲ ਨੂੰ ਹੇਠਲੀ ਅਦਾਲਤਾਂ 'ਚ 107 ਜੱਜਾਂ ਦੀ ਨਿਯੁਕਤੀ ਲਈ ਚੋਣ ਪ੍ਰੀਖਿਆ ਨਾਲ ਸਬੰਧਤ ਸਾਰੇ ਦਸਤਾਵੇਜ਼ਾਂ ਨਾਲ ਤਲਬ ਕੀਤਾ ਹੈ। ਸੁਪਰੀਮ ਕੋਰਟ ਨੇ ਹਰਿਆਣਾ ਵਿੱਚ ਸਿਵਲ ਜੱਜਾਂ ਅਹੁਦੇ ਦੇ ਉਮੀਦਵਾਰਾਂ ਵੱਲੋਂ ਦਾਖਲ ਪਟੀਸ਼ਨ 'ਤੇ ਸੁਣਵਾਈ ਵੇਲੇ ਇਹ ਨਿਰਦੇਸ਼ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ 107 ਅਸਾਮੀਆਂ ਲਈ ਮੁੱਢਲੀ ਪ੍ਰੀਖਿਆ ਪਾਸ ਕਰਨ ਵਾਲੇ ਕੁੱਲ 1282 ਉਮੀਦਵਾਰ ਮੁੱਖ ਪ੍ਰੀਖਿਆ 'ਚ ਸ਼ਾਮਲ ਹੋਏ ਸਨ। ਉਨ੍ਹਾਂ 'ਚੋਂ ਇੰਟਰਵਿਊ ਲਈ ਸਿਰਫ ਨੌਂ ਉਮੀਦਵਾਰਾਂ ਦੀ ਚੋਣ ਹੋਈ, ਅਸਾਮੀਆਂ 107 ਸਨ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ, 'ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਦਾ ਤਿੰਨ ਮਈ ਤੱਕ ਜਵਾਬ ਦੇਣਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ



ਚੋਣ ਨਾਲ ਜੁੜੇ ਸਾਰੇ ਦਸਤਾਵੇਜ਼ ਲੈ ਕੇ ਹਾਜ਼ਰ ਹੋਣਗੇ, ਇਸ ਵਿੱਚ ਮੁੱਖ ਪ੍ਰੀਖਿਆ ਵਿੱਚ ਸ਼ਾਮਲ ਹੋਏ ਸਾਰੇ ਉਮੀਦਵਾਰਾਂ ਦੀ ਉਤਰ ਕਾਪੀਆਂ ਦੇ ਮੁਲਾਂਕਣ ਸ਼ਾਮਲ ਹਨ। ਅਦਾਲਤ ਦੀ ਇਜਾਜ਼ਤ ਦੇ ਬਿਨਾ ਕੋਈ ਵੀ ਨਿਯੁਕਤੀ ਨਹੀਂ ਕੀਤੀ ਜਾਵੇਗੀ।'

ਅਮਿਯ ਸ਼ੁਕਲ ਅਤੇ ਸ਼ਕਤੀ ਵਰਧਨ ਵੱਲੋਂ ਦਾਇਰ ਪਟੀਸ਼ਨ 'ਚ ਕਈ ਗੜਬੜਾਂ ਦਾ ਜ਼ਿਕਰ ਕੀਤਾ ਗਿਆ ਤੇ 11 ਅਪ੍ਰੈਲ ਨੂੰ ਹਰਿਆਣਾ 'ਚ ਸਿਵਲ ਜੱਜ (ਜੂਨੀਅਰ ਡਵੀਜ਼ਨ) ਦੀ ਮੁੱਖ ਪ੍ਰੀਖਿਆ (ਲਿਖਤ) ਦੇ ਨਤੀਜਿਆਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਬੈਂਚ, ਜਿਸ ਵਿੱਚ ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਸੰਜੀਵ ਖੰਨਾ ਸ਼ਾਮਲ ਸਨ, ਪ੍ਰੀਖਿਆ 'ਚ ਅਪਣਾਈ ਗਈ ਚੋਣ ਪ੍ਰਕਿਰਿਆ ਅਤੇ ਮੁਲਾਂਕਣ ਦੇ ਤਰੀਕਿਆਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ। ਚੋਣ ਪ੍ਰਕਿਰਿਆ ਨੂੰ ਗਲਤ, ਮਨਮਰਜ਼ੀ ਵਾਲਾ ਅਤੇ ਮੰਦਭਾਗਾ ਦੱਸਿਆ ਗਿਆ ਹੈ।

## ਪਾਣੀਪਤ ਵਿੱਚ ਟ੍ਰੈਕ ਉੱਤੇ ਸੈਲਫੀ ਲੈਂਦੇ ਤਿੰਨ ਦੋਸਤ ਗੱਡੀ ਹੇਠਾਂ ਆ ਕੇ ਮਾਰੇ ਗਏ

ਪਾਣੀਪਤ, 30 ਅਪ੍ਰੈਲ (ਪੋਸਟ ਬਿਊਰੋ)- ਰੇਲਵੇ ਟ੍ਰੈਕ 'ਤੇ ਮੋਬਾਈਲ ਫੋਨ ਨਾਲ ਸੈਲਫੀ ਲੈਣ ਰਹੇ ਤਿੰਨ ਦੋਸਤ ਟ੍ਰੇਨ ਦੀ ਲਪੇਟ ਵਿੱਚ ਆ ਗਏ। ਤਿੰਨਾਂ ਦੀ ਮੌਕੇ 'ਤੇ ਮੌਤ ਹੋ ਗਈ।

ਜੀ ਆਰ ਪੀ ਦੇ ਐਸ ਐਚ ਓ ਮਨਜੀਤ ਸਿੰਘ ਨੇ ਦੱਸਿਆ ਕਿ ਪਾਣੀਪਤ ਦੇ ਰਾਕੇਸ਼ ਨਗਰ ਦੇ ਚਮਨ (15) ਪੁੱਤਰ ਭੁਪਿੰਦਰ, ਸ਼ਨੀ (18) ਪੁੱਤਰ ਸੁਰੇਸ਼ ਅਤੇ ਯੂ ਪੀ ਦੇ ਬੁਲੰਦਸ਼ਹਿਰ ਵਾਸੀ ਕ੍ਰਿਸ਼ਨ (18) ਪੁੱਤਰ ਦਇਆਰਾਮ ਕੱਲ੍ਹ ਸ਼ਾਮ ਕਰੀਬ 6 ਵਜੇ ਘਰੋਂ ਨਿਕਲੇ ਸਨ। ਸ਼ਾਮ ਕਰੀਬ 6.30 ਵਜੇ ਤਿੰਨੇ ਟੀ ਡੀ ਆਈ ਪੁਲ ਨੇੜੇ ਰੇਲਵੇ ਟ੍ਰੈਕ 'ਤੇ ਸੈਲਫੀ ਲੈ ਰਹੇ ਸਨ। ਅਚਾਨਕ ਸੁਪਰਫਾਸਟ ਟ੍ਰੇਨ ਆ ਗਈ। ਤਿੰਨੇ ਟ੍ਰੈਕ ਤੋਂ ਭੱਜ ਕੇ ਦੂਸਰੇ ਟ੍ਰੈਕ ਵੱਲ ਦੌੜੇ। ਉਸ ਟ੍ਰੈਕ 'ਤੇ ਇੱਕ ਹੋਰ ਪੈਸੇਂਜਰ ਟ੍ਰੇਨ ਆ ਗਈ। ਤਿੰਨੇ ਦੋਸਤ ਟ੍ਰੇਨ ਦੀ ਲਪੇਟ ਵਿੱਚ ਆ ਗਏ। ਡਰਾਈਵਰ ਦੀ ਸੂਚਨਾ ਉਤੇ ਜੀ ਆਰ ਪੀ ਮੌਕੇ 'ਤੇ ਪਹੁੰਚੀ। ਮ੍ਰਿਤਕਾਂ ਦੇ ਮੋਬਾਈਲ ਤੋਂ ਪੁਲਸ ਨੇ ਪਰਵਾਰ ਨੂੰ ਸੂਚਨਾ ਦਿੱਤੀ।

## ਦੀਦੀ ਦੇ ਚਾਲੀ ਵਿਧਾਇਕ ਭਾਜਪਾ ਵਿੱਚ ਆਉਣ ਵਾਲੇ ਨੇ, ਚੋਣ ਦੇ ਬਾਅਦ ਆਉਣਗੇ : ਮੋਦੀ

ਕੋਡਰਮਾ, 30 ਅਪ੍ਰੈਲ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਸ਼੍ਰੀਰਾਮਪੁਰ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੱਲ੍ਹ ਇਹ ਦਾਅਵਾ ਕੀਤਾ ਕਿ ਤ੍ਰਿਣਮੂਲ ਕਾਂਗਰਸ ਦੇ ਚਾਲੀ ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹਨ ਅਤੇ ਭਾਜਪਾ ਵੱਲੋਂ ਆਮ ਚੋਣ ਜਿੱਤਣ ਪਿੱਛੋਂ ਉਹ ਆਪਣੀ ਪਾਰਟੀ ਛੱਡ ਦੇਣਗੇ।

ਕੱਲ੍ਹ ਏਥੇ ਇੱਕ ਚੋਣ ਰੈਲੀ ਦੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਥੋੜ੍ਹੀਆਂ ਜਿਹੀਆਂ ਸੀਟਾਂ ਨਲਾ ਤੁਸੀਂ ਦਿੱਲੀ ਨਹੀਂ ਪੁੱਜ ਸਕਦੇ। ਦੀਦੀ, ਦਿੱਲੀ ਅਜੇ ਦੂਰ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੀਦੀ (ਮਮਤਾ ਬੈਨਰਜੀ) ਪੱਛਮੀ ਬੰਗਾਲ ਵਿੱਚ ਪੁਲਸ ਨੂੰ ਆਪਣੀ ਨਿੱਜੀ ਸੁਰੱਖਿਆ ਏਜੰਸੀ ਬਣਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਦਾ 'ਮਿਸ਼ਨ ਮਹਾਮਿਲਾਵਟ' ਕੇਂਦਰ ਵਿੱਚ ਖਿਚੜੀ ਸਰਕਾਰ ਬਣਾਉਣ ਲਈ ਬੇਤਾਬ ਹੈ, ਜਿਸ ਦੀ ਡੋਰ ਕਾਂਗਰਸ ਦੇ ਹੱਥ ਰਹੇਗੀ।

ਭਾਜਪਾ ਉਮੀਦਵਾਰ ਅਨਪੂਰਨਾ ਦੇਵੀ ਦੇ ਸਮਰਥਨ ਵਿੱਚ ਕੋਡਰਮਾ ਲੋਕ ਸਭਾ ਖੇਤਰ ਦੇ ਜਮੂਆ ਇਲਾਕੇ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਮੋਦੀ ਨੇ ਦੋਸ਼ ਲਾਇਆ ਕਿ ਵਿਰੋਧੀ ਪਾਰਟੀਆਂ ਦਾ ਮਹਾਗਠਜੋੜ ਕਿਸੇ ਵੀ ਕੀਮਤ 'ਤੇ ਸਪੱਸ਼ਟ ਬਹੁਮਤ ਵਾਲੀ ਸਰਕਾਰ ਨਹੀਂ ਚਾਹੁੰਦਾ। ਮੋਦੀ ਨੇ ਕਿਹਾ, ਮਿਸ਼ਨ ਮਹਾਮਿਲਾਵਟ ਕੇਂਦਰ ਵਿੱਚ ਖਿਚੜੀ ਸਰਕਾਰ ਚਾਹੁੰਦਾ ਹੈ ਅਤੇ ਇਸ ਦੀ ਡੋਰ ਕਾਂਗਰਸ ਦੇ ਹੱਥ ਰਹੇਗੀ, ਕਿਉਂਕਿ ਹਰ ਪਾਰਟੀ ਜਾਣਦੀ ਹੈ ਕਿ ਉਹ ਕਿਸੇ ਸੂਰਤ ਵਿੱਚ ਆਪਣੇ ਦਮ 'ਤੇ ਸਰਕਾਰ ਨਹੀਂ ਬਣਾ ਸਕਦੀ। ਪ੍ਰਧਾਨ ਮੰਤਰੀ ਨੇ ਕਾਂਗਰਸ 'ਤੇ ਵੀ ਦੋਸ਼ ਲਾਇਆ ਕਿ ਉਹ ਸਰਕਾਰਾਂ ਨੂੰ ਅਸਥਿਰ ਕਰਨ ਲਈ ਹੋਰਨਾਂ ਪਾਰਟੀਆਂ ਦੇ ਪਿੱਛੇ ਹੁੰਦੀ ਹੈ। ਮੋਦੀ ਨੇ ਕਿਹਾ, ਕਰੀਬ ਦੋ ਦਹਾਕੇ ਪਹਿਲਾਂ ਅਜਿਹਾ ਹੀ ਇੱਕ ਮਿਸ਼ਨ ਮਹਾਮਿਲਾਵਟ ਨੇ ਅਟਲ ਬਿਹਾਰੀ ਵਾਜਪਾਈ ਨੂੰ ਪ੍ਰਧਾਨ ਮੰਤਰੀ ਬਣਨ ਤੋਂ ਰੋਕਣ ਦੀ ਕੋਸ਼ਿਸ਼ ਨਾਲ ਸ਼ੁਰੂ ਕੀਤਾ ਗਿਆ ਸੀ, ਕਾਂਗਰਸ ਨੇ ਕੁਝ ਪਾਰਟੀਆਂ ਦਾ ਸਾਥ ਦਿੱਤਾ, ਜਿਸ ਦੇ ਕਾਰਨ ਦੋ-ਤਿੰਨ ਸਾਲਾਂ ਬਾਅਦ ਸਰਕਾਰਾਂ ਬਦਲਦੀਆਂ ਰਹੀਆਂ ਪ੍ਰਧਾਨ ਮੰਤਰੀ ਬਦਲਦੇ ਰਹੇ। ਉਨ੍ਹਾਂ ਕਿਹਾ ਕਿ ਆਪੋਜ਼ੀਸ਼ਨ ਦਾ ਮਹਾਗਠਜੋੜ ਅਤੇ ਇਸ ਦੇ ਨੇਤਾ ਕਿਸੇ ਦੇ ਸਕੇ ਨਹੀਂ ਹਨ ਅਤੇ ਉਨ੍ਹਾਂ ਨੂੰ ਸਿਰਫ ਵੋਟਾਂ ਵਿੱਚ ਦਿਲਚਸਪੀ ਹੈ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)



## ਖੇਡ ਰਤਨ ਲਈ ਬਜਰੰਗ ਤੇ ਵਿਨੇਸ਼ ਦੇ ਨਾਂਅ ਦੀ ਸਿਫਾਰਸ਼

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਕੁਸ਼ਤੀ ਐਸੋਸੀਏਸ਼ਨ (ਡਬਲਯੂ ਐੱਫ ਆਈ) ਨੇ ਹਾਲ ਹੀ ਵਿੱਚ ਏਸ਼ੀਆਈ ਚੈਂਪੀਅਨ ਬਣੇ ਬਜਰੰਗ ਪੂਨੀਆ ਤੇ ਪਿਛਲੇ ਸਾਲ ਏਸ਼ੀਆਈ ਖੇਡਾਂ ਦੀ ਸੋਨ ਤਮਗਾ ਜੇਤੂ ਵਿਨੇਸ਼ ਫੋਗਾਟ ਨੂੰ ਦੇਸ਼ ਦੇ ਸਰਬ ਉਚ ਖੇਡ ਪੁਰਸਕਾਰ ਰਾਜੀਵ ਗਾਂਧੀ ਖੇਡ ਰਤਨ ਐਵਾਰਡ ਦੇਣ ਦੀ ਸਿਫਾਰਸ਼ ਕੀਤੀ ਹੈ।

ਡਬਲਯੂ ਐੱਫ ਆਈ ਨੇ ਕੱਲ੍ਹ ਬਜਰੰਗ ਤੇ ਵਿਨੇਸ਼ ਦੇ ਨਾਂਅ ਪਿਛਲੇ ਦੋ ਸਾਲਾਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਦੇਖਦੇ ਹੋਏ ਇਸ ਐਵਾਰਡ ਲਈ ਭੇਜੇ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਦੋਵਾਂ (ਬਜਰੰਗ ਅਤੇ ਵਿਨੇਸ਼) ਨੇ ਆਪਣੀਆਂ ਬੇਨਤੀਆਂ ਕੀਤੀਆਂ ਸਨ, ਜਿਸ ਤੋਂ ਬਾਅਦ ਡਬਲਯੂ ਐੱਫ ਆਈ ਨੇ ਉਨ੍ਹਾਂ ਨੂੰ ਖੇਡ ਰਤਨ ਐਵਾਰਡ ਦੇਣ ਦੀ ਸਿਫਾਰਸ਼ ਕੀਤੀ ਹੈ। ਵਿਸ਼ਵ ਵਿੱਚ ਨੰਬਰ ਇੱਕ ਖਿਡਾਰੀ ਬਜਰੰਗ ਨੇ ਹਾਲ ਹੀ ਵਿੱਚ ਸ਼ੀਆਨ 'ਚ ਏਸ਼ੀਆਈ 'ਚ ਮਰਦਾਂ ਦੇ 65 ਕਿਲੋਗਰਾਮ ਭਾਰ ਵਰਗ ਵਿੱਚ ਸੋਨ ਤਮਗਾ ਜਿੱਤਿਆ ਸੀ।

ਵਿਨੇਸ਼ ਏਸ਼ੀਆਈ ਚੈਂਪੀਅਨਸ਼ਿਪ ਵਿੱਚ ਸਿਰਫ ਕਾਂਸੀ ਦਾ ਤਮਗਾ ਜਿੱਤ ਸਕੀ ਸੀ, ਪਰ ਉਹ ਨਵੇਂ ਭਾਰ ਵਰਗ 53 ਕਿਲੋਗਰਾਮ ਵਿੱਚ ਲੜ ਰਹੀ ਸੀ ਤੇ ਇਸ ਲਈ ਇਸ ਨੂੰ ਚੰਗੀ ਉਪਲਬਧੀ ਮੰਨਿਆ ਜਾ ਰਿਹਾ ਹੈ। ਉਹ 2018 ਵਿੱਚ ਏਸ਼ੀਆਈ ਖੇਡਾਂ 'ਚ ਸੋਨ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣੀ ਸੀ। ਬਜਰੰਗ ਤੇ ਵਿਨੇਸ਼ ਤੋਂ ਇਲਾਵਾ ਡਬਲਯੂ ਐੱਫ ਆਈ ਨੇ ਰਾਹੁਲ ਅਵਾਰੇ, ਹਰਪ੍ਰੀਤ ਸਿੰਘ, ਦਿਵਿਆ ਕਾਕਰਾਨ ਤੇ ਪੂਜਾ ਢਾਂਡਾ ਦੇ ਨਾਂਅ ਅਰਜੁਨ ਐਵਾਰਡ ਲਈ ਭੇਜੇ ਹਨ। 25 ਸਾਲਾ ਪੂਜਾ ਨੇ ਪਿਛਲੇ ਸਾਲ ਵਿਸ਼ਵ ਚੈਂਪੀਅਨਸ਼ਿਪ ਵਿੱਚ ਕਾਂਸੀ ਅਤੇ ਕਾਮਨਵੈੱਲਥ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿਤਿਆ ਸੀ। 21 ਸਾਲਾ ਦਿਵਿਆ ਨੇ ਏਸ਼ੀਆਈ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗਾ ਹਾਸਲ ਕੀਤਾ ਸੀ। ਕਾਮਨਵੈੱਲਥ ਅਤੇ ਏਸ਼ੀਆਈ ਖੇਡਾਂ ਵਿੱਚ ਵੀ ਉਹ ਤੀਸਰੇ ਥਾਂ ਰਹੀ ਸੀ।

## ਤੇਲਗੂ ਭਾਸ਼ਾ ਵਿੱਚ ਵਿਦਿਆਰਥਣ ਦੇ 99 ਨੰਬਰ ਬਣਦੇ ਸੀ, ਜ਼ੀਰੋ ਦੇ ਕੇ ਸਾਰ ਛੱਡਿਆ

ਹੈਦਰਾਬਾਦ, 30 ਅਪ੍ਰੈਲ (ਪੋਸਟ ਬਿਊਰੋ)- ਤੇਲੰਗਾਨਾ ਬੋਰਡ ਦੇ ਇੰਟਰ ਪ੍ਰੀਖਿਆ ਨਤੀਜਿਆਂ 'ਚ ਬੇਨਿਯਮੀ ਦਾ ਅਨੋਖਾ ਨਮੂਨਾ ਬਾਹਰ ਆਇਆ ਹੈ। ਨਵਿਆ ਨਾਂ ਦੀ ਇੱਕ ਵਿਦਿਆਰਥਣ ਨੂੰ ਤੇਲਗੂ ਵਿਸ਼ੇ ਦੀ ਪ੍ਰੀਖਿਆ ਦਾ ਪਹਿਲਾਂ ਜ਼ੀਰੋ ਨੰਬਰ ਮਿਲਿਆ ਸੀ, ਜਦੋਂ ਉਸ ਦੀ ਕਾਪੀ ਦੁਬਾਰਾ ਪੜਤਾਲੀ ਗਈ ਤਾਂ ਉਸ ਦੇ 99 ਨੰਬਰ ਆਏ। ਇਹ ਭੇਦ ਖੁੱਲ੍ਹਣ ਦੇ ਬਾਅਦ ਬੋਰਡ ਨੇ ਇਕ ਟੀਚਰ ਸਸਪੈਂਡ ਕਰ ਕੇ ਇੱਕ ਹੋਰ ਨੂੰ ਪੰਜ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਹੈ। ਵਰਨਣ ਯੋਗ ਹੈ ਕਿ ਫਰਵਰੀ-ਮਾਰਚ ਵਿੱਚ ਹੋਈ ਪ੍ਰੀਖਿਆ 'ਚ 9.47 ਲੱਖ ਬੱਚੇ ਪ੍ਰੀਖਿਆ ਦੇਣ ਬੈਠੇ ਸਨ, ਜਿਸ ਵਿੱਚੋਂ 3.28 ਲੱਖ ਫੇਲ੍ਹ ਹੋ ਗਏ ਸਨ। ਨਤੀਜੇ ਪਿੱਛੋਂ ਪੈਦਾ ਹੋਏ ਤਣਾਅ ਵਿੱਚ ਇਸ ਰਾਜ ਵਿੱਚ 21 ਵਿਦਿਆਰਥੀਆਂ ਨੇ ਆਤਮ ਹੱਤਿਆ ਕਰ ਲਈ। ਨਵਿਆ ਨੇ ਸੂਬੇ ਦੇ ਮਛੇਰੀਅਲ ਜ਼ਿਲੇ ਵਿੱਚ 12ਵੀਂ ਦੀ ਪ੍ਰੀਖਿਆ ਦਿੱਤੀ ਸੀ। 18 ਅਪ੍ਰੈਲ ਨੂੰ ਜਦੋਂ ਉਸ ਦਾ ਨਤੀਜਾ ਆਇਆ ਤਾਂ ਉਸ ਦੇ ਕਾਮਰਸ ਵਿੱਚ 99, ਸੋਸ਼ਲ ਸਾਇੰਸ ਵਿੱਚ 96 ਦੇ ਨਾਲ ਇਕਨਾਮਿਕਸ ਤੇ ਅੰਗਰੇਜ਼ੀ ਵਿੱਚ 68 ਨੰਬਰ ਆਏ ਸਨ। ਤੇਲਗੂ ਭਾਸ਼ਾ 'ਚ ਸਿਫਰ ਨੰਬਰ ਦੇਖ ਕੇ ਉਹ ਹੈਰਾਨ ਹੋ ਗਈ, ਜਦ ਕਿ 11ਵੀਂ ਦੀ ਪ੍ਰੀਖਿਆ 'ਚ ਉਸ ਦੇ ਤੇਲਗੂ ਭਾਸ਼ਾ 'ਚ 98 ਨੰਬਰ ਸਨ। ਜਦੋਂ ਇਕ ਤੇਲਗੂ ਅਖਬਾਰ ਨੇ ਨਵਿਆ ਦੇ ਇਸ ਦਰਦ ਨੂੰ ਛਾਪਿਆ ਤਾਂ ਤੇਲੰਗਾਨਾ ਬੋਰਡ ਨੇ ਉਸ ਦੀ ਕਾਪੀ ਦੁਬਾਰਾ ਜਾਂਚ ਦਾ ਆਦੇਸ਼ ਦਿੱਤਾ ਅਤੇ ਦੁਬਾਰਾ ਜਾਂਚ ਵਿੱਚ ਤੇਲਗੂ ਭਾਸ਼ਾ 'ਚ ਉਸ ਦੇ 99 ਨੰਬਰ ਆਏ। ਨਵਿਆ ਨੇ ਕੇਸ 'ਚ ਬੇਨਿਯਮੀ ਦਾ ਪਤਾ ਲੱਗਣ ਪਿੱਛੋਂ ਬੋਰਡ ਨੇ ਸਕੂਟਨੀ ਦੌਰਾਨ ਗਲਤੀ ਨਾ ਫੜਨ ਵਾਲੇ ਭਲਾਈ ਸਕੂਲ ਦੇ ਅਧਿਆਪਕ ਵਿਜੈ ਕੁਮਾਰ ਨੂੰ ਸਸਪੈਂਡ ਕਰ ਕੇ ਤੇਲਗੂ ਪ੍ਰਸ਼ਨ ਪੱਤਰ ਦੀ ਕਾਪੀ ਜਾਂਚਣ ਵਾਲੀ ਨਿੱਜੀ ਸਕੂਲ ਦੀ ਅਧਿਆਪਕਾ ਉਮਾ ਦੇਵੀ ਉੱਤੇ 5000 ਰੁਪਏ ਦਾ ਜੁਰਮਾਨਾ ਲਾਇਆ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !



Avtar Uppal
Manager



Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਸਿੱਖ ਪਰਿਵਾਰ ਦੇ ਚਾਰ ਮੈਂਬਰਾਂ ਦੀ ਅਮਰੀਕਾ ਵਿੱਚ ਗੋਲ਼ੀਆਂ ਮਾਰ ਕੇ ਹੱਤਿਆ



ਅਮਰੀਕਾ ਦੇ ਓਹੀਓ ਵਿਚ ਸਿੱਖ ਪਰਿਵਾਰ ਦੇ ਹੋਏ ਕਤਲਾਂ ਮਗਰੋਂ ਘਰ ਦੇ ਬਾਹਰ ਜਾਂਚ ਕਰਦੀ ਹੋਏ ਪੁਲਸ।

ਵਾਸ਼ਿੰਗਟਨ, 30 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਓਹੀਓ ਵਿੱਚ ਇੱਕ ਸਿੱਖ ਪਰਿਵਾਰ ਦੇ ਚਾਰ ਜੀਆਂ ਦੀ ਉਨ੍ਹਾਂ ਦੇ ਘਰ ਵਿੱਚ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਸਥਾਨਕ ਪੁਲਿਸ ਮੁਤਾਬਕ ਇਹ ਘਟਨਾ ਵੈਸਟ ਚੈਸਟਰ ਅਪਾਰਟਮੈਂਟ ਕੰਪਲੈਕਸ ਵਿੱਚ ਐਤਵਾਰ ਵਾਪਰੀ ਹੈ। ਪੁਲਿਸ ਇਸ ਗੱਲ ਦਾ ਪਤਾ ਲਾ ਰਹੀ ਹੈ ਕਿ ਇਸ ਦੇ ਪਿੱਛੇ ਨਸਲੀ ਹਿੰਸਾ ਤਾਂ ਨਹੀਂ ਹੈ। ਪੁਲਿਸ ਨੇ ਅਪਾਰਟਮੈਂਟ ਦੇ ਆਸਪਾਸ ਘੇਰਾ ਪਾ ਲਿਆ ਹੈ। ਮ੍ਰਿਤਕਾਂ ਵਿਚ ਤਿੰਨ ਔਰਤਾਂ ਅਤੇ ਇਕ ਮਰਦ ਹਨ। ਏਥੇ ਬੱਚੇ ਵੀ ਰਹਿੰਦੇ ਹਨ, ਪਰ ਘਟਨਾ ਸਮੇਂ ਉਹ ਮੌਜੂਦ ਨਹੀਂ ਸਨ।

ਪੁਲਿਸ ਮੁਖੀ ਜੋਇਲ ਹਰਜ਼ੋਗ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਅਪਾਰਟਮੈਂਟ ਵਿਚ ਕਈ ਗੋਲ਼ੀਆਂ ਚਲਾਈਆਂ ਗਈਆਂ ਸਨ, ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿੰਨੀਆਂ ਗੋਲ਼ੀਆਂ ਚਲਾਈਆਂ ਗਈਆਂ। ਉਨ੍ਹਾਂ ਇਹ ਵੀ ਨਹੀਂ ਦੱਸਿਆ ਕਿ ਹਮਲਾਵਰਾਂ ਨੇ ਪੀੜਤਾਂ ਨੂੰ ਇਕ ਜਾਂ ਇਸ ਤੋਂ ਵੱਧ ਗੋਲ਼ੀਆਂ ਮਾਰੀਆਂ। ਉਨ੍ਹਾਂ ਕਿਹਾ ਕਿ ਮਿਲਦੇ ਸਬੂਤਾਂ ਦੇ ਮੁਤਾਬਕ ਹਮਲਾਵਰ ਜ਼ਬਰਦਸਤੀ ਅਪਾਰਟਮੈਂਟ ਵਿੱਚ ਦਾਖਲ ਹੋਏ ਸਨ। ਉਨ੍ਹਾਂ ਕਿਹਾ ਕਿ ਹਾਲੇ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਕਤਲਾਂ ਪਿੱਛੇ ਕੀ ਮਕਸਦ ਹੋਵੇਗਾ। ਇਸ ਦਾ ਪਤਾ ਜਾਂਚ ਤੋਂ ਬਾਅਦ ਲੱਗ ਸਕੇਗਾ।

## ਈਸਟਰ ਮੌਕੇ ਹੋਏ ਹਮਲਿਆਂ ਪਿੱਛੋਂ ਸ੍ਰੀਲੰਕਾ ਸਰਕਾਰ ਨੇ ਕੀਤੀ ਕਾਰਵਾਈ

* ਕਿਸੇ ਵੀ ਤਰ੍ਹਾਂ ਮੂੰਹ ਢੱਕਣ ਦੀ ਪਾਬੰਦੀ ਲਾਗੂ ਹੋਵੇਗੀ
* ਜੇਹਾਦੀਆਂ ਨੂੰ ਖਤਮ ਕਰਨ ਲਈ ਨਵਾਂ ਕਾਨੂੰਨ ਲਿਆਂਦਾ ਜਾਵੇਗਾ



ਸ੍ਰੀਲੰਕਾ ਵਿਚ ਈਸਟਰ ਮੌਕੇ ਹੋਏ ਧਮਾਕਿਆਂ ਮਗਰੋਂ ਹੋਈ ਤਬਾਹੀ ਦਾ ਇਕ ਦ੍ਰਿਸ਼।

ਕੋਲੰਬੋ, 30 ਅਪ੍ਰੈਲ (ਪੋਸਟ ਬਿਊਰੋ)- ਸ੍ਰੀਲੰਕਾ ਵਿੱਚ ਈਸਟਰ ਦੇ ਦਿਨ ਹੋਏ ਧਮਾਕਿਆਂ ਪਿੱਛੋਂ ਨਕਾਬ ਪਾਉਣ ਤੇ ਕਿਸੇ ਵੀ ਢੰਗ ਨਾਲ ਮੂੰਹ ਢੱਕਣ 'ਤੇ ਲਾਈ ਗਈ ਪਾਬੰਦੀ ਕੱਲ੍ਹ ਸਵੇਰ ਤੋਂ ਲਾਗੂ ਹੋ ਗਈ ਹੈ। ਇਹ ਪਾਬੰਦੀ ਰਾਸ਼ਟਰਪਤੀ ਸਿਰੀਸੇਨਾ ਨੇ ਆਪਣੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਲਾਈ ਹੈ। ਐਤਵਾਰ ਨੂੰ ਇਸ ਪਾਬੰਦੀ ਦਾ ਐਲਾਨ ਕੀਤਾ ਗਿਆ ਸੀ ਜਿਸ ਦੇ ਤਹਿਤ ਕਿਸੇ ਵੀ ਢੰਗ ਨਾਲ ਮੂੰਹ ਢੱਕਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ।

ਰਾਸ਼ਟਰਪਤੀ ਵੱਲੋਂ ਜਾਰੀ ਹੁਕਮ ਵਿੱਚ ਨਕਾਬ ਜਾਂ ਬੁਰਕੇ ਦਾ ਜ਼ਿਕਰ ਨਹੀਂ ਕੀਤਾ ਗਿਆ। ਸਰਕਾਰ ਨਕਾਬ ਅਤੇ ਬੁਰਕਾ ਦੋਵਾਂ 'ਤੇ ਪਾਬੰਦੀ ਬਾਰੇ ਵਿਚਾਰ ਕਰ ਰਹੀ ਹੈ। ਉਸ ਨੇ ਮੁਸਲਿਮ ਮੌਲਾਣਿਆਂ ਤੋਂ ਸਹਿਯੋਗ ਦੀ ਮੰਗ ਕੀਤੀ ਸੀ ਜਿਨ੍ਹਾਂ ਵਿੱਚੋਂ ਕੁਝ ਨੇ ਕਿਹਾ ਕਿ ਮੌਜੂਦਾ ਸਥਿਤੀ ਮੁਤਾਬਕ ਇਨ੍ਹਾਂ ਦੋਵਾਂ ਨੂੰ ਪਹਿਨਣ ਤੋਂ ਬਚਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਨੇ ਕਿਹਾ ਹੈ ਕਿ ਜੇਹਾਦੀਆਂ ਤੇ ਕੱਟੜਪੰਥੀਆਂ ਨੂੰ ਖਤਮ ਕਰਨ ਲਈ ਸਖਤ ਕਾਨੂੰਨ ਲਿਆਉਣਾ ਸਰਕਾਰ ਦੀ ਮੁੱਖ ਪਹਿਲ ਹੈ। ਨਵਾਂ ਕਾਨੂੰਨ ਦੇਸ਼ ਤੋਂ ਜੇਹਾਦੀਆਂ ਨੂੰ ਖਤਮ ਕਰਨ ਲਈ ਹੋਵੇਗਾ। ਉਨ੍ਹਾਂ ਕਿਹਾ ਕਿ ਨਵੇਂ ਅੱਤਵਾਦ ਵਿਰੋਧੀ ਬਿਲ ਵਿੱਚ ਤਜਵੀਜ਼ ਸ਼ਾਮਲ ਕੀਤੀ ਗਈ ਹੈ ਅਤੇ ਇਹ ਪਾਰਲੀਮੈਂਟ ਵਿੱਚ ਪੈਂਡਿੰਗ ਹੈ। ਜੇ ਪਾਰਲੀਮੈਂਟ ਨੇ ਇਸ ਨੂੰ ਪਾਸ ਕਰ ਦਿੱਤਾ ਹੁੰਦਾ ਤਾਂ ਈਸਟਰ ਮੌਕੇ ਹੋਏ ਹਮਲਿਆਂ ਨੂੰ ਟਾਲਿਆ ਜਾ ਸਕਦਾ ਸੀ। ਇਸ ਤੋਂ ਇੱਕ ਹਫਤਾ ਪਹਿਲਾਂ ਸ੍ਰੀਲੰਕਾ ਦੇ ਤਿੰਨ ਚਰਚ ਅਤੇ ਤਿੰਨ ਹੋਟਲਾਂ ਵਿੱਚ ਧਮਾਕੇ ਹੋਏ ਸਨ ਜਿਸ ਕਾਰਨ 250 ਤੋਂ ਵੱਧ ਲੋਕ ਮਾਰੇ ਗਏ ਅਤੇ 500 ਤੋਂ ਜ਼ਿਆਦਾ ਲੋਕ ਜ਼ਖਮੀ ਹੋਏ ਸਨ। ਸਿਰੀਸੇਨਾ ਦੇ ਦਫਤਰ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਪਾਬੰਦੀ ਕੌਮੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਗਾਈ ਗਈਹੈ ਅਤੇ ਕਿਸੇ ਨੂੰ ਵੀ ਆਪਣਾ ਮੂੰਹ ਢੱਕ ਕੇ ਪਛਾਣ ਮੁਸ਼ਕਲ ਨਹੀਂ ਬਣਾਉਣੀ ਚਾਹੀਦੀ। ਕੋਲੰਬੋ ਪੇਜ ਦੀ ਖਬਰ ਮੁਤਾਬਕ ਉਨ੍ਹਾਂ ਨੇ ਮੌਜੂਦਾ ਸਥਿਤੀ ਨੂੰ ਵੇਖਦੇ ਹੋਏ ਇਹ ਫੈਸਲਾ ਲਿਆ ਹੈ ਜਿਸ ਦੇ ਤਹਿਤ ਮੂੰਹ ਢੱਕਣ 'ਤੇ ਰੋਕ ਲਾ ਦਿੱਤੀ ਗਈ ਹੈ ਤਾਂ ਕਿ ਕਿਸੇ ਦੀ ਪਛਾਣ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ ਤੇ ਦੇਸ਼ ਦੀ ਸੁਰੱਖਿਆ ਨੂੰ ਕੋਈ ਖਤਰਾ ਪੈਦਾ ਨਾ ਹੋਵੇ।

ਈਸਟਰ ਮੌਕੇ ਹੋਏ ਹਮਲਿਆਂ ਤੋਂ ਬਾਅਦ ਦੀ ਛਾਪੇਮਾਰੀ ਦੌਰਾਨ ਇੱਕ ਮਕਾਨ ਤੋਂ ਬਰਾਮਦ ਕੀਤੇ ਕੱਪੜਿਆਂ ਦੇ ਆਧਾਰ 'ਤੇ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਮਹਿਲਾ ਹਮਲਾਵਰ ਸ਼ਾਇਦ ਬੋਧੀ ਮੰਦਰਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੀਆਂ ਹਨ। ਡੇਲੀ ਮਿਰਰ ਵਿੱਚ ਛਪੀ ਖਬਰ ਮੁਤਾਬਕ ਪੂਰਬੀ ਸੂਬੇ ਸੰਤਾਮੁਰੂਤੂ ਵਿੱਚ ਛਾਪੇ ਦੌਰਾਨ ਇੱਕ ਮਕਾਨ ਤੋਂ ਔਰਤਾਂ ਦੇ ਕੱਪੜੇ ਮਿਲੇ ਸਨ। ਇਸ ਤੋਂ ਬਾਅਦ ਸ੍ਰੀਲੰਕਾ ਦੀਆਂ ਖੁਫੀਆ ਏਜੰਸੀਆਂ ਨੂੰ ਜਾਣਕਾਰੀ ਮਿਲੀ ਕਿ ਸਥਾਨਕ ਅੱਤਵਾਦੀ ਸੰਗਠਨ ਨੈਸ਼ਨਲ ਤੌਹੀਦ ਜਮਾਤ ਦੀਆਂ ਮਹਿਲਾ ਹਮਲਾਵਰ ਬੋਧੀ ਮੰਦਰਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੀਆਂ ਹਨ ਅਤੇ 29 ਮਾਰਚ ਨੂੰ ਮੁਸਲਿਮ ਔਰਤਾਂ ਨੇ ਇਹ ਕੱਪੜੇ ਖਰੀਦੇ ਸਨ।

## ਪਾਕਿ ਫ਼ੌਜ ਨੇ ਸਰਹੱਦ ਅੰਦਰ ਅੱਤਵਾਦੀ ਹੋਣ ਦੀ ਗੱਲ ਕਬੂਲੀ



ਇਸਲਾਮਾਬਾਦ, 30 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਨੇ ਮੰਨ ਲਿਆ ਹੈ ਕਿ ਉਨ੍ਹਾਂ ਦੇ ਦੇਸ਼ ਵਿੱਚ ਅੱਤਵਾਦੀ ਮੌਜੂਦ ਹਨ ਤੇ ਅੱਤਵਾਦ ਨੂੰ ਖਤਮ ਕਰਨ ਲਈ ਕਾਫੀ ਕੁਝ ਕਰਨ ਦੀ ਲੋੜ ਹੈ। ਪਾਕਿ ਫੌਜ ਦਾ ਇਹ ਬਿਆਨ ਤਦ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ, ਜਦ ਭਾਰਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸਲਾਮਾਬਾਦ ਨਾਲ ਕੋਈ ਗੱਲਬਾਤ ਤਦ ਹੋ ਸਕਦੀ ਹੈ ਜਦ ਉਹ ਆਪਣੇ ਇਥੇ ਮੌਜੂਦ ਅੱਤਵਾਦੀਆਂ ਦੇ ਖਿਲਾਫ ਠੋਸ ਕਾਰਵਾਈ ਕਰੇਗਾ।

ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਦੇ ਡੀ ਜੀ ਮੇਜਰ ਜਨਰਲ ਆਸਿਫ ਗਫੂਰ ਨੇ ਕੱਲ੍ਹ ਪ੍ਰੈਸ ਕਾਨਫਰੰਸ ਵਿੱਚ ਕਿਹਾ, ਅਸੀਂ ਹਿੰਸਕ ਕੱਟੜਵਾਦੀ ਸੰਗਠਨਾਂ ਅਤੇ ਜਿਹਾਦੀ ਸੰਗਠਨਾਂ 'ਤੇ ਪਾਬੰਦੀ ਲਾ ਦਿੱਤੀ ਹੈ ਤੇ ਅਸੀਂ ਉਨ੍ਹਾਂ ਦੇ ਖਿਲਾਫ ਕਾਰਵਾਈ ਕਰ ਰਹੇ ਹਾਂ। ਗਫੂਰ ਨੇ ਕਿਹਾ ਕਿ ਪਾਕਿ ਨੂੰ ਕਾਫੀ ਨੁਕਸਾਨ ਸਹਿਣਾ ਪਿਆ ਹੈ ਅਤੇ ਅੱਤਵਾਦ ਖਤਮ ਕਰਨ ਲਈ ਕਾਫੀ ਕੁਝ ਕਰਨ ਦੀ ਲੋੜ ਹੈ। ਅੱਤਵਾਦ ਦੇ ਕਾਰਨ ਪਾਕਿ ਨੇ ਲੱਖਾਂ ਡਾਲਰ ਗਵਾਏ ਹਨ। ਗਫੂਰ ਨੇ ਇਹ ਵੀ ਮੰਨਿਆ ਕਿ ਸਾਬਕਾ ਸਰਕਾਰਾਂ ਅੱਤਵਾਦ ਨਾਲ ਨਿਪਟਣ ਤੋਂ ਨਾਕਾਮ ਰਹੀਆਂ ਹਨ, ਉਨ੍ਹਾਂ ਕਿਹਾ, ਸਰਕਾਰਾਂ ਮਿਹਰਬਾਨੀ ਕਰਨ ਵਿੱਚ ਰੁੱਝੀਆਂ ਰਹੀਆਂ ਤੇ ਹਰ ਸੁਰੱਖਿਆ ਏਜੰਸੀ ਨੇ ਇਹੀ ਕੀਤਾ ਹੈ। ਇਸ ਕਾਰਨ ਅਸੀਂ ਪਾਬੰਦੀਸ਼ੁਦਾ ਸੰਗਠਨਾਂ ਦੇ ਖਿਲਾਫ ਉਸ ਰਣਨੀਤੀ ਨੂੰ ਬਣਾਉਣ ਵਿੱਚ ਨਾਕਾਮ ਰਹੇ ਹਾਂ, ਜੋ ਅਸੀਂ ਅੱਜ ਬਣਾ ਰਹੇ ਹਾਂ।

## ਪਾਕਿ ਵਿੱਚ ਕੁੜੀਆਂ ਦੀ ਅਡਲਟ ਹੋਣ ਵਾਲੀ ਉਮਰ 18 ਸਾਲ ਮਿਥ ਦਿੱਤੀ ਗਈ

ਇਸਲਾਮਾਬਾਦ, 30 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੀ ਪਾਰਲੀਮੈਂਟ ਨੇ ਮੁਸਲਿਮ ਬਹੁ ਗਿਣਤੀ ਵਾਲੇ ਦੇਸ਼ ਵਿਚ ਬਾਲ ਵਿਆਹ ਰੋਕਣ ਲਈ ਕੁੜੀਆਂ ਦੀ ਅਡਲਟ ਉਮਰ 18 ਸਾਲ ਮਿਥ ਦੇਣ ਦਾ ਬਿੱਲ ਪਾਸ ਕੀਤਾ ਹੈ। ਕੁਝ ਮੈਂਬਰਾਂ ਨੇ ਇਸ ਨੂੰ ਇਸਲਾਮ ਦੇ ਵਿਰੁਧ ਕਹਿ ਕੇ ਇਸ ਦਾ ਵਿਰੋਧ ਕੀਤਾ। ਇਹ ਕਾਨੂੰਨ ਪਾਕਿਸਤਾਨ ਪੀਪਲਜ਼ ਪਾਰਟੀ ਦੀ ਮੈਂਬਰ ਸ਼ੇਰੀ ਰਹਿਮਾਨ ਨੇ ਪੇਸ਼ ਕੀਤਾ, ਜਿਹੜਾ ਦੇਸ਼ ਵਿਚ ਬਾਲ ਵਿਆਹ ਦੀ ਪ੍ਰਥਾ ਨੂੰ ਰੋਕਣ ਵਿਚ ਮਦਦ ਕਰੇਗਾ।

ਇਕ ਅੰਗਰੇਜ਼ੀ ਅਖਬਾਰ ਦੀ ਰੀਪੋਰਟ ਮੁਤਾਬਕ ਵਿਰੋਧੀ ਧਿਰ ਦੇ ਜ਼ਬਰਦਸਤ ਵਿਰੋਧ ਵਿਚਾਲੇ ਇਹ ਬਿੱਲ ਪਾਸ ਕਰ ਦਿਤਾ ਗਿਆ। ਇੱਕ ਪਾਰਲੀਮੈਂਟ ਮੈਂਬਰ ਨੇ ਅਡਲਟ ਹੋਣ ਦੀ ਉਮਰ ਤੈਅ ਕਰਨ ਨੂੰ ਇਸਲਾਮ ਦੇ ਵਿਰੁੱਧ ਦਸਿਆ। ਐੱਮ ਪੀ ਗਫੂਰ ਹੈਦਰੀ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਨਿਕਾਹ ਦੀ 18 ਸਾਲ ਦੀ ਉਮਰ ਤੈਅ ਕਰਨਾ ਸ਼ਰੀਆ ਵਿਰੁੱਧ ਹੈ ਅਤੇ ਇਸ ਬਿੱਲ ਨੂੰ ਚਰਚਾ ਲਈ ਇਸਲਾਮੀ ਵਿਚਾਰਧਾਰਾ ਕੌਂਸਲ (ਆਈ ਆਈ ਸੀ) ਨੂੰ ਭੇਜਿਆ ਜਾ ਸਕਦਾ ਹੈ। ਧਾਰਮਿਕ ਮਾਮਲਿਆਂ ਦੇ ਮੰਤਰੀ ਨੂਰੁਲ ਕਾਦਰੀ ਨੇ ਕਿਹਾ ਕਿ ਏਦਾਂ ਦਾ ਇਕ ਬਿੱਲ ਸਾਲ 2010 ਵਿਚ ਆਈ ਆਈ ਸੀ ਨੂੰ ਭੇਜਿਆ ਗਿਆ ਸੀ, ਜਿਸ ਨੂੰ ਕੌਂਸਲ ਨੇ ਇਹ ਕਹਿ ਕੇ ਵਾਪਸ ਕਰ ਦਿਤਾ ਸੀ ਕਿ ਇਹ ਫੌਕਾਹ ਮੁਤਾਬਕ ਨਹੀਂ ਹੈ। ਅਡਲਟ ਹੋਣ ਦੀ ਉਮਰ ਸਮੇਂ ਮੁਤਾਬਕ ਬਦਲ ਸਕਦੀ ਹੈ, ਮਿਥੀ ਨਹੀਂ ਜਾ ਸਕਦੀ। ਪਾਰਲੀਮੈਂਟ ਦੇ ਸਾਬਕਾ ਸਪੀਕਰ ਰਜ਼ਾ ਰੱਬਾਨੀ ਨੇ ਇਸ ਬਿੱਲ ਦਾ ਸਮਰਥਨ ਕਰਦਿਆਂ ਕਿਹਾ ਕਿ ਬਿੱਲ ਇਸ ਤੋਂ ਪਹਿਲਾਂ ਆਈ ਆਈ ਸੀ ਨੂੰ ਭੇਜਿਆ ਸੀ ਤਾਂ ਬਿਨਾਂ ਚਰਚਾ ਦੇ ਕਈ ਸਾਲ ਤਕ ਪੈਂਡਿੰਗ ਰਿਹਾ। ਉਨ੍ਹਾਂ ਨੇ ਕਿਹਾ ਕਿ ਸਿੰਧ ਅਸੈਂਬਲੀ ਪਹਿਲਾਂ ਹੀ ਏਦਾਂ ਦਾ ਬਿੱਲ ਪਾਸ ਕਰ ਚੁੱਕੀ ਹੈ, ਜਿਸ ਨੂੰ ਕਦੇ ਕਿਸੇ ਮੰਚ ਉਤੇ ਚੁਣੌਤੀ ਨਹੀਂ ਦਿਤੀ ਗਈ ਜਾਂ ਵਿਰੋਧ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੋਰ ਇਸਲਾਮੀ ਦੇਸ਼ਾਂ ਵਿਚ ਵੀ ਕੁੜੀਆਂ ਦੇ ਵਿਆਹ ਦੀ ਉਮਰ 18 ਸਾਲ ਤੈਅ ਹੈ।

## ਬੈਂਜਾਮਿਨ ਨੇਤਨਯਾਹੂ ਉਤੇ ਮੁਕੱਦਮੇ ਦੀ ਤਲਵਾਰ ਲਟਕੀ

ਯੇਰੂਸ਼ਲਮ, 30 ਅਪ੍ਰੈਲ (ਪੋਸਟ ਬਿਊਰੋ)- ਇਜ਼ਰਾਈਲ 'ਚ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ 'ਤੇ ਭ੍ਰਿਸ਼ਟਾਚਾਰ ਦੇ ਕੇਸ ਦੀ ਤਲਵਾਰ ਲਟਕ ਗਈ ਹੈ। ਇਸ ਸੰਬੰਧ ਵਿੱਚ ਅਟਾਰਨੀ ਜਨਰਲ ਨੇ ਪ੍ਰਧਾਨ ਮੰਤਰੀ ਨੂੰ ਪੁੱਛਿਆ ਹੈ ਕਿ ਕੀ ਉਹ ਮਾਮਲੇ 'ਚ ਆਪਣਾ ਬਚਾਅ ਕਰਨਾ ਚਾਹੁੰਦੇ ਹਨ? ਅਟਾਰਨੀ ਜਨਰਲ ਅਵੀਚਾਈ ਮੰਡੇਲ-ਬਲਿਟ ਨੇ ਨੇਤਨਯਾਹੂ ਦੇ ਵਕੀਲ ਤੋਂ ਪੁੱਛਿਆ ਹੈ ਕਿ ਉਹ ਆਪਣੇ ਕਲਾਈਂਟ ਦੇ ਬਚਾਅ ਦੇ ਅਧਿਕਾਰ ਦਾ ਪਾਲਣ ਕਰਨ ਲਈ ਅਦਾਲਤ ਵਿੱਚ ਆਉਣਗੇ? ਮਾਮਲਾ ਅਦਾਲਤ ਵਿਚ ਚਲਾਉਣ ਬਾਰੇ ਨੋਟੀਫਿਕੇਸ਼ਨ 10 ਮਈ ਨੂੰ ਜਾਰੀ ਹੋ ਸਕਦਾ ਹੈ। ਇਸ ਤੋਂ ਦੋ ਮਹੀਨੇ ਬਾਅਦ 10 ਜੁਲਾਈ ਤੋਂ ਅਦਾਲਤ 'ਚ ਮਾਮਲੇ ਦੀ ਸੁਣਵਾਈ ਹੋਵੇਗੀ। ਫਿਲਹਾਲ ਨੇਤਨਯਾਹੂ ਦੇ ਵਕੀਲ ਖੁਦ ਨੂੰ ਮਿਹਨਤਾਨਾ ਨਾ ਮਿਲਣ ਕਾਰਨ ਮਾਮਲੇ ਤੋਂ ਦੂਰ ਬਣੇ ਹੋਏ ਹਨ। ਉਨ੍ਹਾਂ ਨੇ ਮਾਮਲੇ ਨਾਲ ਜੁੜੀਆਂ ਕਾਪੀਆਂ ਹਾਲੇ ਤੱਕ ਨਹੀਂ ਲਈਆਂ। ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਨੇਤਨਯਾਹੂ ਵਕੀਲਾਂ ਦਾ ਬਕਾਇਆ ਦੇਣ ਲਈ ਅਮਰੀਕੀ ਕਾਰੋਬਾਰੀ ਰਿਸ਼ਤੇ ਦੇ



ਭਰਾ ਤੇ ਦੋਸਤ ਤੋਂ ਦੋ ਮਿਲੀਅਨ ਡਾਲਰ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਵਿੱਚ ਹਨ। ਦੇਸ਼ ਤੋਂ ਬਾਹਰ ਕਿਸੇ ਤੋਂ ਪੈਸੇ ਲੈਣ ਦੀ ਨੇਤਨਯਾਹੂ ਦੀ ਇਸ ਅਰਜ਼ੀ ਨੂੰ ਇਜ਼ਰਾਈਲ ਦੀ ਸਰਕਾਰੀ ਕਮੇਟੀ ਦੋ ਵਾਰ ਰੱਦ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਫਰਵਰੀ 'ਚ ਅਟਾਰਨੀ ਜਨਰਲ ਨੇ ਸਾਫ ਸੰਕੇਤ ਦਿੱਤੇ ਸਨ ਕਿ ਨੇਤਨਯਾਹੂ ਖਿਲਾਫ ਧੋਖਾਦੇਹੀ, ਭਰੋਸਾ ਤੋੜਨ ਤੇ ਰਿਸ਼ਵਤ ਲੈਣ ਦਾ ਕੇਸ ਚਲਾਇਆ ਜਾ ਸਕਦਾ ਹੈ। ਪੁਲਸ ਨੇ ਪ੍ਰਧਾਨ ਮੰਤਰੀ ਖਿਲਾਫ ਸਬੂਤ ਮਿਲਣ 'ਤੇ 2018 'ਚ ਨੇਤਨਯਾਹੂ 'ਤੇ ਕੇਸ ਚਲਾਉਣ ਨੂੰ ਕਿਹਾ ਕੀਤੀ ਸੀ। ਨੇਤਨਯਾਹੂ ਚੋਣ ਜਿੱਤ ਕੇ ਪੰਜਵੀਂ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਦੀ ਰਾਹ 'ਤੇ ਹਨ। ਜੇ ਮੁੜ ਤੋਂ ਪ੍ਰਧਾਨ ਮੰਤਰੀ ਬਣੇ ਤਾਂ ਇਹ ਪਹਿਲੀ ਵਾਰ ਹੋਵੇਗਾ ਕਿ ਭ੍ਰਿਸ਼ਟਾਚਾਰ ਦੇ ਮੁਕੱਦਮੇ 'ਚ ਫਸਿਆ ਵਿਅਕਤੀ ਇਜ਼ਰਾਈਲ ਦਾ ਪ੍ਰਧਾਨ ਮੰਤਰੀ ਬਣੇਗਾ।

## ਬੰਗਲਾ ਦੇਸ਼ ਵਿੱਚ ਛਾਪੇ ਦੌਰਾਨ ਦੋ ਸ਼ੱਕੀ ਅੱਤਵਾਦੀਆਂ ਨੇ ਖੁਦ ਨੂੰ ਬੰਬ ਨਾਲ ਉਡਾਇਆ

ਢਾਕਾ, 30 ਅਪ੍ਰੈਲ (ਪੋਸਟ ਬਿਊਰੋ)- ਬੰਗਲਾ ਦੇਸ਼ ਵਿੱਚ ਕੱਲ੍ਹ ਅੱਤਵਾਦੀ ਟਿਕਾਣਿਆਂ 'ਤੇ ਛਾਪੇ ਦੌਰਾਨ ਦੋ ਸ਼ੱਕੀ ਬੰਦਿਆਂ ਨੇ ਖੁਦ ਨੂੰ ਬੰਬ ਨਾਲ ਉਡਾ ਲਿਆ। ਇਸ ਘਟਨਾ ਵੇਲੇ ਦੇਸ਼ ਦੀ ਅੱਤਵਾਦ ਰੋਕੂ ਇਕਾਈ ਇਥੋਂ ਦੇ ਮੁਹੰਮਦਪੁਰ



ਇਲਾਕੇ ਵਿੱਚ ਛਾਪੇਮਾਰੀ ਲਈ ਗਈ ਸੀ ਅਤੇ ਇਹ ਘਟਨਾ ਵਾਪਰ ਗਈ। ਅਧਿਕਾਰੀਆਂ ਨੇ ਦੱਸਿਆ, 'ਗੁਪਤ ਸੂਚਨਾ ਉੱਤੇ ਰੈਪਿਡ ਐਕਸ਼ਨ ਬਟਾਲੀਅਨ ਨੇ ਢਾਕਾ ਦੇ ਬਾਹਰੀ ਇਲਾਕਾ ਦੇ ਮੁਹੰਮਦਪੁਰ ਦੇ ਬਸੀਲਾ ਖੇਤਰ ਵਿੱਚ ਟੀਨ ਦੀ ਛੱਤ ਵਾਲੇ ਘਰ ਨੂੰ ਚਾਰੇ ਪਾਸੇ ਤੋਂ ਘੇਰਿਆ ਸੀ। ਇਸ ਪਿੱਛੋਂ ਘਰ ਵਿੱਚ ਸਥਿਤ ਅੱਤਵਾਦੀਆਂ ਨੇ ਬਟਾਲੀਅਨ ਦੇ ਜਵਾਨਾਂ 'ਤੇ ਗੋਲੀਆਂ ਚਲਾਈਆਂ, ਜਿਸ ਦੇ ਬਾਅਦ ਜ਼ੋਰਦਾਰ ਧਮਾਕਾ ਹੋਇਆ। ਪ੍ਰਤੱਖ ਦਰਸ਼ੀਆਂ ਦੇ ਅਨੁਸਾਰ ਧਮਾਕਾ ਇੰਨਾ ਜ਼ੋਰਦਾਰ ਸੀ ਕਿ ਇਸ ਨਾਲ ਸਮੁਚਾ ਇਲਾਕਾ ਕੰਬ ਉਠਿਆ। ਧਮਾਕੇ ਵਿੱਚ ਲਾਸ਼ਾਂ ਦੇ ਪਰਖਚੇ ਉਡ ਗਏ।' ਅਧਿਕਾਰੀਆਂ ਨੇ ਦੱਸਿਆ ਕਿ ਘਰ ਦੇ ਮਾਲਕ, ਘਰ ਦੀ ਦੇਖਭਾਲ ਕਰਨ ਵਾਲੇ ਜੋੜੇ ਅਤੇ ਕੋਲ ਦੀ ਮਸਜਿਦ ਦੇ ਇਮਾਮ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਹੈ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
· Complete Basement
· Tiles
· Bathrooms
· Plumbing
· Laminate
· Hardwood Floor
· Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
Hira Randhawa
Broker
● 1 yr Home Warranty
● 40% Discount on Brand Name
● Appliances & Furniture
● Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

BEST TRUCK REPAIR & TIRE CENTRE
MICHELIN · HANKOOK · Continental · ROADLUX · BFGoodrich · AEOLUS · COMPASAL · Chevron Delo
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ........... 905-495-3336
2. 80 Pertosa Drive Brampton ON L5X-5E9 ........... 905-460-0009
3. 2120 North park drive Brampton ON L6S 0C9 ........... 905-793-1338
4. 284 Orenda Road #13 Brampton ON L6T 5S3 ........... 905-450-9167
5. 10 Westmore Drive Etobicoke ON M9V-3Z7 ........... 416-740-3262
6. 1075 Ceremonial Drive Mississauga ON L5R-2Z4 ........... 905-502-1600
7. 308 Eddystone Ave North York ON M3N-1H7 ........... 416-740-3360
8. 10510 Torbram Road, Brampton ........... 905-790-0030
9. 10 Pannahill Dr, Brampton ........... 905 913-8017
10. 21 Lacoste Blvd, Brampton, ON L6P 2K2 ........... 905 794-8109






## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

YOUR AD HERE
Check our Free E-paper at: www.canadianpunjabipost.ca
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

### Wanted Office Clerk & Office Administrator

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5'', ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

### Cell n Tell Distribution Inc.
1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

### STARLANE PAINTING
Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com

# ਬਰਮਿੰਘਮ ਤੋਂ ਆਈ ਮਾਈ ਦੀ ਮਦਦ ਬਹਾਨੇ ਪਰਸ ਤੋਂ 28000 ਉਡਾਏ, ਗਾਰਡ ਨੇ ਫੜਿਆ

ਅੰਮ੍ਰਿਤਸਰ, 30 ਅਪ੍ਰੈਲ (ਪੋਸਟ ਬਿਊਰੋ)- ਏਅਰ ਇੰਡੀਆ ਦੀ ਬਰਮਿੰਘਮ ਤੋਂ ਵਾਇਆ ਦਿੱਲੀ ਆਈ ਫਲਾਈਟ ਵਿੱਚ ਐਨ ਆਰ ਆਈ ਨਿਰੰਜਨ ਕੌਰ (84) ਨੂੰ ਜਹਾਜ਼ ਤੋਂ ਉਤਾਰਨ ਵਿੱਚ ਮਦਦ ਦੀ ਗੱਲ ਕਹਿ ਕੇ ਸਾਥੀ ਯਾਤਰੀ ਨੌਜਵਾਨ ਨੇ ਉਸ ਦੇ ਪਰਸ ਵਿੱਚੋਂ 28000 ਰੁਪਏ ਖਿਸਕਾ ਲਏ। ਫਲਾਈਟ ਗੇਟ ਉਤੇ ਏਅਰ ਇੰਡੀਆ ਦੇ ਸਕਿਓਰਿਟੀ ਗਾਰਡ ਨੇ ਉਸ ਨੂੰ ਪੈਸੇ ਕੱਢਦੇ ਦੇਖ ਲਿਆ ਅਤੇ ਤਲਾਸ਼ੀ ਦੌਰਾਨ ਪਰਸ ਵਿੱਚੋਂ ਕੱਢੇ ਗਏ ਪੈਸੇ ਨੌਜਵਾਨ ਦੀ ਜੇਬ 'ਚੋਂ ਮਿਲ ਗਏ। ਬਜ਼ੁਰਗ ਮਹਿਲਾ ਯਾਤਰੀ ਨੇ ਇਸ ਬਾਰੇ ਏਅਰਪੋਰਟ ਪੁਲਸ ਥਾਣੇ ਨੂੰ ਸ਼ਿਕਾਇਤ ਦਿੱਤੀ ਹੈ।

ਹੁਸ਼ਿਆਰਪੁਰ ਦੀ ਨਿਰੰਜਨ ਕੌਰ ਆਪਣੇ ਬੇਟੇ ਕੋਲ ਬਰਮਿੰਘਮ ਰਹਿੰਦੀ ਹੈ। ਉਹ ਏਅਰ ਇੰਡੀਆ ਦੀ ਫਲਾਈਟ ਉੱਤੇ ਦਿੱਲੀ ਪਹੁੰਚੀ ਅਤੇ ਫਿਰ ਦਿੱਲੀ ਤੋਂ ਅੰਮ੍ਰਿਤਸਰ ਆਈ। ਦਿੱਲੀ ਤੋਂ ਇੱਕ ਨੌਜਵਾਨ ਅੰਮ੍ਰਿਤਸਰ ਲਈ ਜਹਾਜ਼ ਵਿੱਚ ਸਵਾਰ ਹੋਇਆ ਸੀ। ਨਿਰੰਜਨ ਕੌਰ ਨੇ ਪੁਲਸ ਨੂੰ ਦੱਸਿਆ ਕਿ ਜਹਾਜ਼ ਦੇ ਗੇਟ ਉਤੇ ਖੜ੍ਹੇ ਏਅਰ ਇੰਡੀਆ ਦੇ ਸੁਰੱਖਿਆ ਗਾਰਡ ਨੇ ਇਸ ਯਾਤਰੀ ਨੂੰ ਏਦਾਂ ਕਰਦੇ ਦੇਖ ਕੇ ਫੜ ਲਿਆ। ਪੁੱਛਗਿੱਛ ਵਿੱਚ ਨੌਜਵਾਨ ਨੇ ਆਪਣੀ ਪਛਾਣ ਦ੍ਵੈਪਾਯਨ ਭੱਟਾਚਾਰੀਆ ਵਾਸੀ ਦਿੱਲੀ ਦੱਸਿਆ। ਤਲਾਸ਼ੀ ਲੈਣ ਉੱਤੇ ਉਸ ਕੋਲੋਂ ਦੋ ਆਧਾਰ ਕਾਰਡ ਵੀ ਮਿਲੇ। ਇਨ੍ਹਾਂ ਵਿੱਚੋਂ ਇੱਕ ਕਾਰਡ ਦ੍ਵੈਪਾਯਨ ਭੱਟਾਚਾਰੀਆ ਦੇ ਨਾਂਅ ਸੀ ਤੇ ਦੂਸਰਾ ਰਾਜੇਸ਼ ਕਪੂਰ ਦੇ ਨਾਂਅ ਸੀ। ਦੋਵਾਂ ਕਾਰਡਾਂ 'ਤੇ ਇੱਕੋ ਤਸਵੀਰ ਲੱਗੀ ਹੋਈ ਸੀ। ਪੁਲਸ ਇਸ ਬਾਰੇ ਅੱਗੋਂ ਜਾਂਚ ਕਰ ਰਹੀ ਹੈ।

# ਖਹਿਰਾ ਅਤੇ ਮਾਸਟਰ ਦੇ ਪਾਰਲੀਮੈਂਟ ਚੋਣ ਲੜਨ 'ਤੇ ਸਵਾਲ ਖੜ੍ਹੇ ਹੋਏ



ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਦੇ ਬਾਗੀ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਵੱਲੋਂ ਬਠਿੰਡਾ ਅਤੇ ਮਾਸਟਰ ਬਲਦੇਵ ਸਿੰਘ ਵੱਲੋਂ ਫਰੀਦਕੋਟ ਤੋਂ ਲੋਕ ਸਭਾ ਚੋਣ ਲੜਨ ਦੇ ਮੁੱਦੇ 'ਤੇ ਕਈ ਸਵਾਲ ਖੜੇ ਹੋ ਗਏ ਹਨ। ਜਲੰਧਰ ਦੇ ਸਿਮਰਨਜੀਤ ਸਿੰਘ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕਰਕੇ ਕਿਹਾ ਹੈ ਕਿ ਖਹਿਰਾ ਤੇ ਮਾਸਟਰ ਬਲਦੇਵ ਸਿੰਘ ਆਮ ਆਦਮੀ ਪਾਰਟੀ ਦੇ ਵਿਧਾਇਕ ਹੋਣ ਕਰਕੇ ਪੰਜਾਬ ਏਕਤਾ ਪਾਰਟੀ ਵੱਲੋਂ ਲੋਕ ਸਭਾ ਚੋਣ ਨਹੀਂ ਲੜ ਸਕਦੇ। ਉਨ੍ਹਾਂ ਮੰਗ ਕੀਤੀ ਹੈ ਕਿ ਦੋਵਾਂ ਵਿਰੁੱਧ ਦਲਬਦਲੀ ਕਾਨੂੰਨ ਹੇਠ ਕਾਰਵਾਈ ਕੀਤੀ ਜਾਵੇ। ਆਪਣੀ ਸ਼ਿਕਾਇਤ ਵਿੱਚ ਉਨ੍ਹਾਂ ਕਿਹਾ ਕਿ ਭਾਵੇਂ ਖਹਿਰਾ ਨੇ ਕੁਝ ਦਿਨ ਪਹਿਲਾਂ ਵਿਧਾਇਕ ਵਜੋਂ ਅਸਤੀਫਾ ਦਿੱਤਾ ਹੈ, ਪਰ ਉਹ ਮਿਥੇ ਢੰਗ ਨਾਲ ਨਹੀਂ ਦਿੱਤਾ ਗਿਆ ਤੇ ਨਾ ਉਨ੍ਹਾਂ ਦਾ ਅਸਤੀਫਾ ਅਜੇ ਸਪੀਕਰ ਨੇ ਮਨਜ਼ੂਰ ਕੀਤਾ ਹੈ। ਇਸ ਬਾਰੇ ਸਿਮਰਨਜੀਤ ਸਿੰਘ ਨੇ ਕਿਹਾ ਕਿ ਦਲਬਦਲੀ ਕਾਨੂੰਨ ਹੇਠ ਚੋਣ ਕਮਿਸ਼ਨ ਨੂੰ ਖਹਿਰਾ ਅਤੇ ਮਾਸਟਰ ਬਲਦੇਵ ਦੇ ਕਾਗਜ਼ ਰੱਦ ਕਰਨੇ ਚਾਹੀਦੇ ਹਨ ਤੇ ਜੇ ਕਮਿਸ਼ਨ ਨੇ ਕਾਗਜ਼ ਰੱਦ ਨਾ ਕੀਤੇ ਤਾਂ ਉਹ ਹਾਈ ਕੋਰਟ ਦਾ ਕੁੰਡਾ ਖੜਕਾਉਣਗੇ।

# ਸੀ ਬੀ ਆਈ ਜਾਂਚ ਦੀ ਰਿਪੋਰਟ ਡੇਰਾ ਮੁਖੀ ਨੂੰ ਸੌਂਪਣ ਦੇ ਹੁਕਮ ਨੂੰ ਚੁਣੌਤੀ

ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਸੱਚਾ ਸੌਦਾ ਡੇਰੇ ਵਿੱਚ ਸਾਧੂਆਂ ਨੂੰ ਈਸ਼ਵਰ ਨਾਲ ਮਿਲਾਉਣ ਦੇ ਨਾਮ ਉਤੇ ਨਿਪੁੰਸਕ ਬਣਾਉਣ ਦੇ ਕੇਸ ਦੀ ਸੀ ਬੀ ਆਈ ਜਾਂਚ ਦੀ ਰਿਪੋਰਟ ਅਤੇ ਹੋਰ ਕੁਝ ਦਸਤਾਵੇਜ਼ ਡੇਰਾ ਮੁਖੀ ਨੂੰ ਦਿੱਤੇ ਜਾਣ ਦੇ ਸੀ ਬੀ ਆਈ ਕੋਰਟ ਦੇ ਹੁਕਮ ਖਿਲਾਫ ਸੀ ਬੀ ਆਈ ਨੇ ਹਾਈ ਕੋਰਟ ਵਿੱਚ ਅਪੀਲ ਕੀਤੀ ਹੈ।

ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਨੇ ਸੀ ਬੀ ਆਈ ਦੀ ਇਸ ਪਟੀਸ਼ਨ ਨੂੰ ਹੋਰ ਬੈਂਚ ਨੂੰ ਭੇਜ ਕੇ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਹਾਈ ਕੋਰਟ ਦੀ ਹੋਰ ਬੈਂਚ ਸੀ ਬੀ ਆਈ ਦੀ ਇਸ 'ਤੇ ਸੁਣਵਾਈ ਕਰੇਗੀ। ਪੰਜਾਬ ਹਰਿਆਣਾ ਹਾਈ ਕੋਰਟ ਨੇ ਡੇਰੇ ਵਿੱਚ ਸਾਧੂਆਂ ਨੂੰ ਨਿਪੁੰਸਕ ਬਣਉਣ ਦੇ ਮਾਮਲੇ ਦੀ ਸੀ ਬੀ ਆਈ ਜਾਂਚ ਦੇ ਹੁਕਮ ਦਿੱਤੇ ਸਨ। ਸੀ ਬੀ ਆਈ ਨੇ ਮਾਮਲੇ ਦੀ ਜਾਂਚ ਕਰਕੇ ਹਾਈ ਕੋਰਟ ਵਿੱਚ ਸੀਲਬੰਦ ਸਟੇਟਸ ਰਿਪੋਰਟ ਦੇ ਦਿੱਤੀ ਸੀ। ਇਹ ਕੇਸ ਅੱਗੋਂ ਪੰਚਕੂਲਾ ਸੀ ਬੀ ਆਈ ਕੋਰਟ ਵਿੱਚ ਚੱਲ ਰਿਹਾ ਹੈ, ਜਿਥੇ ਜਨਵਰੀ ਵਿੱਚ ਟਰਾਈਲ ਕੋਰਟ ਨੇ ਜਾਂਚ ਦੀ ਰਿਪੋਰਟ ਅਤੇ ਹੋਰ ਦਸਤਾਵੇਜ਼ ਡੇਰਾ ਮੁਖੀ ਨੂੰ ਦੇਣ ਦੇ ਹੁਕਮ ਦਿੱਤੇ ਸਨ। ਟਰਾਈਲ ਕੋਰਟ ਨੇ ਇਸ ਹੁਕਮ ਨੂੰ ਸੀ ਬੀ ਆਈ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਚੁਣੌਤੀ ਦਿੰਦੇ ਹੋਏ ਹੁਕਮ ਨੂੰ ਰੱਦ ਕਰਨ ਦੀ ਹਾਈ ਕੋਰਟ ਤੋਂ ਮੰਗ ਕੀਤੀ ਹੈ।

# ਅਕਾਲੀ ਆਗੂਆਂ ਨੇ ਚੋਣ ਕਮਿਸ਼ਨ ਨੂੰ ਰਾਜਾ ਵੜਿੰਗ ਦੇ ਖਿਲਾਫ ਸਬੂਤ ਦਿੱਤੇ

ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਅਕਾਲੀ ਦਲ ਨੇ ਕੱਲ੍ਹ ਬਠਿੰਡਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਖਿਲਾਫ ਮੁੱਖ ਚੋਣ ਅਧਿਕਾਰੀ ਨੂੰ ਸਬੂਤ ਦਿੱਤੇ ਤੇ ਬੇਨਤੀ ਕੀਤੀ ਕਿ ਉਸ ਦੇ ਖਿਲਾਫ ਰਿਸ਼ਵਤ ਦੇ ਦੋਸ਼ਾਂ ਦੀ ਉਚ ਪੱਧਰੀ ਜਾਂਚ ਕਰਾਈ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਦੇ ਦਬਾਅ ਹੇਠ ਸਹਾਇਕ ਰਿਟਰਨਿੰਗ ਅਧਿਕਾਰੀ ਏ ਆਰ ਓ ਕਾਂਗਰਸੀ ਨੇਤਾ ਨੂੰ ਕਲੀਨ ਚਿੱਟ ਦੇ ਚੁੱਕਾ ਹੈ।

ਸਾਬਕਾ ਮੰਤਰੀਆਂ ਜਥੇਦਾਰ ਤੋਤਾ ਸਿੰਘ ਅਤੇ ਡਾ. ਦਲਜੀਤ ਸਿੰਘ ਚੀਮਾ ਦੀ ਅਗਵਾਈ ਵਿੱਚ ਅਕਾਲੀ ਦਲ ਦਾ ਇਕ ਵਫਦ ਕੱਲ੍ਹ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ ਨੂੰ ਮਿਲਿਆ ਅਤੇ ਕਿਹਾ ਕਿ ਰਿਸ਼ਵਤ ਦੇਣ ਦੀ ਘਟਨਾ ਬਾਰੇ ਵੀਡੀਓਗ੍ਰਾਫੀ ਸਬੂਤ ਸਾਰੀ ਜਨਤਾ ਦੇ ਸਾਹਮਣੇ ਹੋਣ ਦੇ ਬਾਵਜੂਦ ਵੜਿੰਗ ਨੂੰ ਕਲੀਨ ਚਿੱਟ ਦੇਣ ਦੇ ਲਈ ਅਧਿਕਾਰੀਆਂ ਨੂੰ ਧਮਕਾਇਆ ਜਾ ਰਿਹਾ ਹੈ। ਡਾ. ਚੀਮਾ ਨੇ ਘਟਨਾ ਬਾਰੇ ਵੀਡੀਓਜ਼ ਦੀ ਪੈਨ ਡਰਾਈਵ ਚੋਣ ਅਧਿਕਾਰੀ ਨੂੰ ਦੇ ਕੇ ਕਿਹਾ ਕਿ ਵੜਿੰਗ ਨੇ ਬੁਢਲਾਡਾ ਦੇ ਸਮਾਜ ਸੇਵੀ ਟਿੰਕੂ ਪੰਜਾਬ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਬੂਤਾਂ ਨੂੰ ਸਾਹਮਣੇ ਰੱਖ ਕੇ ਕਾਰਵਾਈ ਕਰਨ ਦੀ ਥਾਂ ਬੁਢਲਾਡਾ ਦੇ ਏ ਆਰ ਓ ਨੇ ਬਿਆਨ ਦਿੱਤਾ ਹੈ ਕਿ ਵੜਿੰਗ ਦੇ ਖਿਲਾਫ ਲੱਗਾ ਦੋਸ਼ ਝੂਠਾ ਹੈ। ਉਨ੍ਹਾਂ ਕਿਹਾ ਕਿ ਏ ਆਰ ਓ ਵੱਲੋਂ ਇਹ ਕਹਿਣ ਵਿੱਚ ਦਿਖਾਈ ਫੁਰਤੀ ਨਿੰਦਾ ਯੋਗ ਹੈ ਕਿ ਵੜਿੰਗ ਨੇ ਕਿਸੇ ਨੂੰ ਰਿਸ਼ਵਤ ਨਹੀਂ ਦਿੱਤੀ।

ਇਸ ਦੌਰਾਨ ਉਘੇ ਅਕਾਲੀ ਨੇਤਾ ਜਥੇਦਾਰ ਤੋਤਾ ਸਿੰਘ ਨੇ ਧਰਮਕੋਟ ਦੇ ਉਨ੍ਹਾਂ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ, ਜੋ ਅਕਾਲੀ ਵਰਕਰਾਂ ਦੇ ਸੰਮਨ ਕੱਢ ਰਹੇ ਹਨ ਤੇ ਵੱਖ-ਵੱਖ ਸਮਾਜਿਕ ਕਲੱਬਾਂ ਨੂੰ ਕਾਂਗਰਸ ਪਾਰਟੀ ਦੇ ਫਰੀਦਕੋਟ ਤੋਂ ਉਮੀਦਵਾਰ ਮੁਹੰਮਦ ਸਦੀਕ ਦੇ ਸਮਰਥਨ ਦੇ ਲਈ ਮਜ਼ਬੂਰ ਕਰਨ ਲਈ ਉਨ੍ਹਾਂ ਖਿਲਾਫ ਕਾਰਵਾਈ ਕਰਨ ਦੀ ਧਮਕੀ ਦੇ ਰਹੇ ਹਨ। ਅਕਾਲੀ ਨੇਤਾ ਨੇ ਸੀ ਈ ਓ ਨੂੰ ਕਾਂਗਰਸ ਦਾ ਸਮਰਥਨ ਕਰਨ ਲਈ ਧਾਰਾ 107/105 ਅਧੀਨ ਅਕਾਲੀ ਵਰਕਰਾਂ ਨੂੰ ਸੰਮਨ ਜਾਰੀ ਕਰਨ ਵਾਲੇ ਅਧਿਕਾਰੀ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ।

# ਹੈਡ ਕਾਂਸਟੇਬਲ ਨੇ ਪਤਨੀ ਅਤੇ ਖੁਦ ਨੂੰ ਗੋਲੀ ਮਾਰੀ

ਜਲੰਧਰ, 30 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਇਕ ਹੈਡ ਕਾਂਸਟੇਬਲ ਹਰਵਿੰਦਰ ਸਿੰਘ ਨੇ ਆਪਣੀ ਪਤਨੀ ਦੇ ਗੋਲੀਆਂ ਮਾਰਨ ਤੋਂ ਬਾਅਦ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਇਸ ਘਟਨਾ 'ਚ ਹਰਵਿੰਦਰ ਸਿੰਘ ਦੀ ਮੌਤ ਹੋ ਗਈ, ਜਦ ਕਿ ਉਸ ਦੀ ਪਤਨੀ ਦੀ ਹਾਲਤ ਗੰਭੀਰ ਦੱਸੀ ਗਈ ਹੈ।

ਘਟਨਾ ਦੀ ਸੂਚਨਾ ਮਿਲਦੇ ਸਾਰ ਮੌਕੇ 'ਤੇ ਪਹੁੰਚੇ ਏ ਡੀ ਸੀ ਪੀ ਪਰਮਿੰਦਰ ਸਿੰਘ ਭੰਡਾਲ ਨੇ ਦੱਸਿਆ ਕਿ ਘਟਨਾ ਦੁਪਹਿਰ ਢਾਈ ਵਜੇ ਦੇ ਕਰੀਬ ਵਾਪਰੀ ਹੈ, ਜਦ ਹੈਡ ਕਾਂਸਟੇਬਲ ਹਰਵਿੰਦਰ ਸਿੰਘ ਆਪਣੇ ਘਰ ਆਇਆ ਸੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਾ, ਜਦ ਕਿ ਗੁਆਂਢੀਆਂ ਦਾ ਕਹਿਣਾ ਸੀ ਕਿ ਪਿਛਲੇ ਕੁਝ ਦਿਨਾਂ ਤੋਂ ਪਤੀ-ਪਤਨੀ ਵਿੱਚ ਕਿਸੇ ਗੱਲ ਨੂੰ ਲੈ ਕੇ ਤਕਰਾਰ ਸੀ। ਗੁਆਂਢੀਆਂ ਨੇ ਦੱਸਿਆ ਕਿ ਦੁਪਹਿਰੇ ਉਨ੍ਹਾਂ ਤਿੰਨ ਚਾਰ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਦੋਵਾਂ ਦੇ ਗੋਲੀਆਂ ਲੱਗਣ ਉਤੇ ਉਨ੍ਹਾਂ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਜਿਥੇ ਡਾਕਟਰਾਂ ਨੇ ਹੈਡ ਕਾਂਸਟੇਬਲ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਉਸ ਦੀ ਪਤਨੀ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਨਿੱਜੀ ਹਸਪਤਾਲ ਰੈਫਰ ਕੀਤਾ ਗਿਆ। ਏ ਡੀ ਸੀ ਪੀ ਭੰਡਾਲ ਨੇ ਦੱਸਿਆ ਕਿ ਉਜਾਲਾ ਨਗਰ ਵਿੱਚ ਰਹਿੰਦੇ ਹਰਵਿੰਦਰ ਸਿੰਘ ਦੇ ਦੋ ਧੀਆਂ ਹਨ। ਕੱਲਵ ਦੁਪਹਿਰੇ ਉਸ ਨੂੰ ਜਿਹੜੀ ਸਰਕਾਰੀ ਕਾਰਬਾਈਨ ਮਿਲੀ ਸੀ, ਉਸ ਨਾਲ ਉਸ ਨੇ ਆਪਣੀ ਪਤਨੀ ਦੇ ਗੋਲੀਆਂ ਮਾਰੀਆਂ।

# ਚੋਣਾਂ ਨੇੜੇ ਕੇਂਦਰ ਸਰਕਾਰ ਨੇ ਕਿਸਾਨਾਂ ਦੇ ਚਿਹਰੇ ਬੇਰੰਗ ਕੀਤੇ



ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਹਫਤੇ ਗੜ੍ਹੇਮਾਰੀ ਅਤੇ ਤੇਜ਼ ਹਵਾਵਾਂ ਕਾਰਨ ਖਰਾਬ ਹੋਈ ਫਸਲ 'ਤੇ ਕਿਸਾਨਾਂ ਨੂੰ ਰਾਹਤ ਦੇਣਾ ਦੂਰ, ਕੇਂਦਰ ਦੇ ਨਵੇਂ ਫਰਮਾਨ ਨੇ ਕਿਸਾਨਾਂ ਦੀ ਨੀਂਦ ਉਡਾ ਦਿੱਤੀ ਹੈ।

ਪਤਾ ਲੱਗਾ ਹੈ ਕਿ ਦੋ ਦਿਨ ਪਹਿਲਾਂ ਕੇਂਦਰ ਸਰਕਾਰ ਦੇ ਖੁਰਾਕ ਅਤੇ ਸਪਲਾਈ ਮੰਤਰਾਲਾ ਨੇ ਇੱਕ ਪੱਤਰ ਜਾਰੀ ਕਰਕੇ 10 ਫੀਸਦੀ ਤੱਕ ਕਣਕ ਦੇ ਬਦਰੰਗ ਹੋਣ 'ਤੇ ਛੋਟ ਦੇਣ ਦਾ ਐਲਾਨ ਕੀਤਾ ਹੈ, ਪਰ ਜੇ ਇਸ ਤੋਂ ਜ਼ਿਆਦਾ ਕਣਕ ਬਦਰੰਗ ਹੋਈ ਤਾਂ 4.60 ਰੁਪਏ ਪ੍ਰਤੀ ਕੁਇੰਟਲ ਕੱਟੇ ਜਾਣਗੇ। ਕੇਂਦਰ ਸਰਕਾਰ ਦੇ ਪੱਤਰ 'ਚ ਇਹ ਸਪੱਸ਼ਟ ਨਹੀਂ ਹੈ ਕਿ ਇਹ ਕਿਸਾਨਾਂ ਦੇ ਖਾਤੇ 'ਚੋਂ ਕੱਟੇ ਜਾਣਗੇ ਜਾਂ ਸੂਬਾ ਸਰਕਾਰ ਦੇ ਖਾਤੇ ਵਿੱਚੋਂ। ਪੰਜਾਬ ਦੇ ਫੂਡ ਤੇ ਸਪਲਾਈ ਵਿਭਾਗ ਨੇ ਸਾਰੀਆਂ ਖਰੀਦ ਏਜੰਸੀਆਂ ਨੂੰ ਜੋ ਪੱਤਰ ਜਾਰੀ ਕੀਤੇ ਹਨ, ਉਸ ਵਿੱਚ ਚਾਰ ਸ਼੍ਰੇਣੀਆਂ ਬਣਾ ਦਿੱਤੀਆਂ ਹਨ। ਪਹਿਲੀ ਸ਼੍ਰੇਣੀ 'ਚ ਸਾਫ ਕਣਕ ਨੂੰ ਲਿਆ ਗਿਆ ਹੈ, ਜੋ ਪੂਰੀ ਐਮ ਐਸ ਪੀ 1840 ਰੁਪਏ ਪ੍ਰਤੀ ਕੁਇੰਟਲ ਉਤੇ ਖਰੀਦੀ ਜਾਵੇਗੀ, ਜਦ ਕਿ ਦੂਜੀ ਸ਼੍ਰੇਣੀ ਵਿੱਚ ਦਸ ਫੀਸਦੀ ਬਦਰੰਗ ਫਸਲ ਰੱਖੀ ਹੈ। ਐਮ ਐਸ ਪੀ ਉਤੇ ਇਹ ਵੀ ਖਰੀਦੀ ਜਾਵੇਗੀ, ਪਰ ਇਸ ਦੀ ਸਟੋਰੇਜ ਵੱਖਰੀ ਹੋਵੇਗੀ ਤੇ ਭੁਗਤਾਨ ਕਰਨ ਸਮੇਂ ਬਦਲ ਦੇ ਤੌਰ 'ਤੇ ਇਸ ਨੂੰ ਦਰਜ ਕਰਨਾ ਹੋਵੇਗਾ। 50 ਫੀਸਦੀ ਬਦਰੰਗ ਫਸਲ ਉੱਤੇ 4.60 ਰੁਪਏ ਪ੍ਰਤੀ ਕੁਇੰਟਲ ਦਾ ਵੈਲਿਊ ਕੱਟ ਲੱਗੇਗਾ। ਇਹ ਤੀਜੀ ਸ਼੍ਰੇਣੀ ਵਿੱਚ ਰੱਖੀ ਜਾਵੇਗੀ ਤੇ 75 ਫੀਸਦੀ ਬਦਰੰਗ ਫਸਲ 'ਤੇ ਵੀ 4.60 ਰੁਪਏ ਪ੍ਰਤੀ ਕੁਇੰਟਲ ਦਾ ਵੈਲਿਊ ਕਟ ਲੱਗੇਗਾ ਅਤੇ ਇਹ ਚੌਥੀ ਸ਼੍ਰੇਣੀ 'ਚ ਰੱਖੀ ਜਾਵੇਗੀ। ਕੇਂਦਰ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਹਰ ਤਰ੍ਹਾਂ ਦੀ ਕਣਕ ਨੂੰ ਵੱਖ-ਵੱਖ ਸ਼੍ਰੇਣੀ ਰੱਖ ਕੇ ਸਟੋਰ ਕੀਤਾ ਜਾਵੇ। ਸਭ ਤੋਂ ਪਹਿਲਾਂ ਚੌਥੀ ਸ਼੍ਰੇਣੀ ਦੀ ਕਣਕ ਦੀ ਢੁਆਈ ਕੀਤੀ ਜਾਵੇਗੀ ਤਾਂ ਜੋ ਇਸ ਨੂੰ ਖਰਾਬ ਹੋਣ ਤੋਂ ਪਹਿਲਾਂ ਹੀ ਵੰਡਿਆ ਜਾ ਸਕੇ। ਫਿਰ ਤੀਜੀ, ਦੂਜੀ ਤੇ ਸਭ ਤੋਂ ਆਖਰ ਵਿੱਚ ਪਹਿਲੀ ਸ਼੍ਰੇਣੀ ਦੀ ਫਸਲ ਦੂਜੇ ਰਾਜਾਂ ਨੂੰ ਭੇਜੀ ਜਾਵੇਗੀ।

# ਡੋਲੀ ਵਾਲੀ ਬਲੈਰੋ ਕੰਬਾਈਨ ਨਾਲ ਵੱਜ ਕੇ ਲਾੜੀ ਸਣੇ ਚਾਰ ਮੌਤਾਂ




ਲੁਧਿਆਣਾ, 30 ਅਪ੍ਰੈਲ (ਪੋਸਟ ਬਿਊਰੋ)- ਜਗਾਧਰੀ ਤੋਂ ਏਥੇ ਆ ਰਹੀ ਡੋਲੀ ਵਾਲੀ ਕਾਰ ਅੱਗੇ ਜਾਂਦੀ ਕੰਬਾਈਨ ਨਾਲ ਟਕਰਾ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਬਲੈਰੋ ਵਿੱਚ ਲਾੜੀ ਸਮੇਤ ਚਾਰ ਜਣਿਆਂ ਦੀ ਮੌਤ ਹੋ ਗਈ ਤੇ ਲਾੜਾ ਅਤੇ ਲਾੜੀ ਦੀ ਭੈਣ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਟਿੱਬਾ ਰੋਡ ਦੀ ਕ੍ਰਿਸ਼ਨ ਵਿਹਾਰ ਕਲੋਨੀ ਦੇ ਵਸਨੀਕ ਅੰਜੁਮ ਦਾ ਵਿਆਹ ਸੀ ਅਤੇ ਜਮਨਾਨਗਰ ਵਿੱਚ ਬਰਾਤ ਗੋਈ ਸੀ। ਐਤਵਾਰ ਰਾਤ ਵਿਆਹ ਪਿੱਛੋਂ ਕੱਲ੍ਹ ਸਵੇਰੇ ਬਰਾਤ ਵਾਪਸ ਲੁਧਿਆਣਾ ਆ ਰਹੀ ਸੀ। ਇਸ ਦੌਰਾਨ ਡੋਲੀ ਵਾਲੀ ਬਲੈਰੋ ਵਿੱਚ ਲਾੜਾ ਅੰਜੁਮ, ਲਾੜੀ ਹੁਸਨ ਬਾਨੋ, ਭਤੀਜਾ ਜਮਸ਼ੇਦ, ਲਾੜੇ ਦੀਆਂ ਦੋ ਭਰਜਾਈਆਂ ਹੁਸਨ ਬਾਨੋ, ਜ਼ਰੀਨਾ ਤੇ ਲਾੜੀ ਦੀ ਭੈਣ ਰੁਖ਼ਸਾਨਾ ਸਨ। ਬਲੈਰੋ ਲਾੜਾ ਅੰਜੁਮ ਖੁਦ ਚਲਾ ਰਿਹਾ ਸੀ। ਉਹ ਢੰਡਾਰੀ ਕਲਾਂ ਪਹੁੰਚੇ ਤਾਂ ਅੱਗਿਉਂ ਇੱਕ ਕੰਬਾਈਨ ਆ ਰਹੀ ਸੀ। ਬਲੈਰੋ ਦੀ ਸਪੀਡ ਤੇਜ਼ ਸੀ। ਕੰਬਾਈਨ ਵਾਲੇ ਨੇ ਬਿਨਾਂ ਇਸ਼ਾਰਾ ਕੀਤੇ ਗੱਡੀ ਰਾਈਟ ਸਾਈਡ ਮੋੜ ਲਈ, ਜਿਸ ਕਾਰਨ ਪਿੱਛਿਉਂ ਆਈ ਬਲੈਰੋ ਕੰਬਾਈਨ ਨਾਲ ਟਕਰਾ ਗਈ। ਟੱਕਰ ਨਾਲ ਲਾੜੇ ਦੇ ਭਤੀਜੇ ਜਮਸ਼ੇਦ ਦੀ ਮੌਕੇ 'ਤੇ ਮੌਤ ਹੋ ਗਈ ਸੀ। ਬਾਕੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਡਾਕਟਰਾਂ ਨੇ ਲਾੜੀ ਹਿਨਾ, ਹੁਸਨ ਬਾਨੋ, ਜ਼ਰੀਨਾ ਨੂੰ ਵੀ ਮ੍ਰਿਤਕ ਐਲਾਨ ਦਿੱਤਾ। ਲਾੜੇ ਅੰਜੁਮ ਅਤੇ ਲਾੜੀ ਦੀ ਭੈਣ ਰੁਖ਼ਸਾਨਾ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਮਹਿਲਾਵਾਂ ਦੇ ਹੱਕਾਂ ਲਈ ਅਵਾਜ਼ ਚੁੱਕਣਾ ਸ਼ਲਾਘਾ ਯੋਗ ਕਦਮ: ਲੱਧੜ



ਲੁਧਿਆਣਾ 30 ਅਪ੍ਰੈਲ (ਗਿਆਨ ਸਿੰਘ)- ਯੂਥ ਆਫ਼ ਪੰਜਾਬ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 128ਵੇਂ ਜਨਮ ਦਿਵਸ ਨੂੰ ਸਮਰਪਿਤ ਮਹਿਲਾ ਸ਼ਕਤੀਕਰਨ ਅਤੇ ਵੋਟ ਜਾਗਰੂਕਤਾਂ ਸੈਮੀਨਾਰ ਪ੍ਰਧਾਨ ਤਵਨਿੰਦਰ ਸਿੰਘ ਪਨੇਸਰ, ਮੀਤ ਪ੍ਰਧਾਨ ਕੁਲਵੰਤ ਸਿੰਘ ਰਾਮਗੜ੍ਹੀਆਂ, ਅਨੂੰ ਸ਼ਰਮਾ ਤੋਂ ਇਲਾਵਾ ਟੀਮ ਮੈਬਰਾਂ ਵਲੋਂ ਬਹੁਤ ਹੀ ਧੂਮ ਧਾਮ ਨਾਲ ਗੁਰੂ ਨਾਨਕ ਦੇਵ ਭਵਨ ਵਿਖੇ ਕਰਵਾਇਆ ਗਿਆ । ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਐਸ.ਆਰ. ਲੱਦੜ (ਆਈ.ਏ.ਐਸ.) ਪਹੁੰਚੇ । ਇਸ ਮੌਕੇ ਪੰਜਾਬੀ ਲੋਕ ਮਸਹੂਰ ਗਾਇਕ ਹਰਬੰਸ ਸਹੋਤਾ ਨੇ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਆਪਣੇ ਗੀਤ ਰਾਹੀ ਨਮਨ ਕੀਤਾ ਜਿਸ ਨੂੰ ਆਏ ਮਹਿਮਾਨਾਂ ਵਲੋਂ ਬਹੁਤ ਮਾਨ ਦਿੱਤਾ ਗਿਆ, ਸਟੇਜ ਤੇ ਗਾਇਕ ਮਲਕੀਤ ਮੰਗਾ ਵੱਲੋਂ ਗੀਤਾਂ ਰਾਹੀ ਆਏ ਮਹਿਮਾਨਾਂ ਨੇ ਬਹੁਤ ਅਨੰਦ ਮਾਨਿਆ। ਇਸ ਮੌਕੇ ਸ਼੍ਰੀ ਐਸ.ਆਰ. ਲੱਧੜ ਨੇ ਕਿਹਾ ਕਿ ਮਹਿਲਾਵਾਂ ਨੂੰ ਉਨ੍ਹਾਂ ਦਾ ਮਾਨ-ਸਨਮਾਨ ਨਾ ਮਿਲਦਾ ਦੇਖ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਆਪਣੇ ਅਹੁਦੇ ਤੋਂ ਤਿਆਗ ਪੱਤਰ ਦੇਣ ਦੀ ਪੇਸ਼ਕਸ਼ ਕਰ ਦਿੱਤੀ ਸੀ ਜਿਸ ਤੋਂ ਬਆਦ ਸੰਵਿਧਾਨ ਕਮੇਟੀ ਨੂੰ ਡਾ. ਅੰਬੇਡਕਰ ਜੀ ਦੀ ਗੱਲ ਨੂੰ ਸਵੀਕਾਰ ਕਰਨਾ ਪਿਆ । ਜਿਸ ਤੋਂ ਬਆਦ ਬਾਬਾ ਸਾਹਿਬ ਵਲੋਂ ਦੇਸ਼ ਦੀਆਂ ਮਹਿਲਾਵਾਂ ਨੂੰ ਉਨ੍ਹਾਂ ਦੇ ਹੱਕ ਮਿਲੇ, ਜਿਸ ਦੀ ਬਦੌਲਤ ਅੱਜ ਤੱਕ ਮਹਿਲਾਵਾਂ ਨੂੰ ਸਮਾਜ ਵਿੱਚ ਮੋਢੇ ਨਾਲ ਮੋਢਾ ਜੋੜਕੇ ਕੰਮ ਕਰਨ ਦੀ ਆਜਾਦੀ ਮਿਲੀ ਹੈ। ਸ਼੍ਰੀ ਲੱਧੜ ਨੇ ਕਿਹਾ ਕਿ ਅੱਜ ਮਹਿਲਾਵਾਂ ਹਰ ਖੇਤਰ ਵਿੱਚ ਜੋ ਵੀ ਕੰਮ ਕਰ ਰਹੀਆਂ ਹਨ ਉਹ ਆਜਾਦੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਹੀ ਦੇਣ ਹੈ । ਉਨ੍ਹਾਂ ਦੱਸਿਆ ਕਿ ਸਾਨੂੰ ਆਪਣੀ ਵੋਟ ਦੁਆਰਾ ਸਰਕਾਰਾਂ ਚੁਣਨ ਦਾ ਅਧਿਕਾਰ ਵੀ ਬਾਬਾ ਸਾਹਿਬ ਦੀ ਹੀ ਦੇਣ ਹੈ ਜਿਸ ਦੇ ਬਦੌਤਲ ਹੀ ਸਾਡੇ ਕੋਲ ਸਭ ਤੋਂ ਵੱਡੀ ਤਾਕਤ ਵੋਟ ਦੀ ਸੰਵਿਧਾਨ ਤੋਂ ਬਾਬਾ ਸਾਹਿਬ ਨੇ ਲੈ ਕੇ ਦਿੱਤੀ । ਸਾਨੂੰ ਆਪਣੀ ਵੋਟ ਦਾ ਇਸਤੇਮਾਨ ਜਰੂਰ ਕਰਨਾ ਚਾਹੀਦਾ ਹੈ ਚਾਹੇ ਇਹ ਵੋਟ ਕਿਸੇ ਵੀ ਉਮੀਦਵਾਰ ਨੂੰ ਪਾਈ ਜਾਵੇ ਪਰ ਸਾਨੂੰ ਬਾਬਾ ਸਾਹਿਬ ਵਲੋਂ ਲੈ ਕੇ ਦਿੱਤੇ ਗਏ ਵੋਟ ਦੇ ਅਧਿਕਾਰ ਦਾ ਸਹੀ ਢੰਗ ਨਾਲ ਤੇ ਸਹੀ ਤਰੀਕੇ ਨਾਲ ਹਰ ਹਾਲ ਵਿੱਚ ਪਾਉਣੀ ਚਾਹੀਦੀ ਹੈ । ਸ਼੍ਰੀ ਲੱਧੜ ਨੇ ਸਾਰੇ ਹੀ ਸਮਾਜ ਸੇਵਾ ਕਰਨ ਵਾਲੀਆਂ ਸੰਸਥਾਵਾਂ ਨੂੰ ਅਪੀਲ ਕੀਤੀ ਕੀ ਸਾਨੂੰ ਹਰ ਚੋਰਾਹੇ ਤੇ ਮੀਟਿੰਗਾਂ ਕਰਕੇ ਲੋਕਾਂ ਨੂੰ ਵੋਟ ਜਰੂਰ ਪਾਉਣ ਲਈ ਪ੍ਰੇਰਤ ਕਰਨਾ ਚਾਹੀਦਾ ਹੈ । ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਪਹੁੰਚੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਸ. ਗੁਰਦੀਪ ਸਿੰਘ ਗੋਸ਼ਾਂ (ਪ੍ਰਧਾਨ ਯੂਥ ਅਕਾਲੀ ਦਲ ਲੁਧਿਆਣਾ) ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਨਮਨ ਕਰਦੇ ਹੋਏ ਕਿਹਾ ਕਿ ਬਾਬਾ ਸਾਹਿਬ ਨੇ ਜੋ ਸਾਡੇ ਲਈ ਕੀਤਾ ਹੈ ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾਂ ਸਕਦਾ । ਜਿਸ ਸਮੇਂ ਦੱਬੇ-ਕੁਚਲੇ ਲੋਕਾਂ ਤੋਂ ਇਲਾਵਾਂ ਮਹਿਲਾਵਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਸੀ ਉਸ ਸਮੇਂ ਡਾ. ਭੀਮ ਰਾਓ ਅੰਬੇਦਕਰ ਜੀ ਨੇ ਉਨ੍ਹਾਂ ਦੀ ਬਾਂਹ ਫੜੀ ਤੇ ਉਨ੍ਹਾਂ ਨੂੰ ਜਿਉਣ ਦਾ ਰਸਤਾ ਦਿੱਤਾ । ਇਸ ਮੌਕੇ ਹੋਰਨਾਂ ਤੋਂ ਇਲਾਵਾਂ ਰਾਜੇਸ਼ਵਰੀ ਗੋਸਾਈ, ਭਾਜਪਾ ਨੇਤਾ ਗੁਰਪ੍ਰੀਤ ਸਿੰਘ ਰਾਜੂ, ਸ. ਹਰਬੰਸ ਸਿੰਘ ਪਨੇਸਰ ਕਾਂਗਰਸੀ ਲੀਡਰ, ਸਮਾਜ ਸੇਵੀ ਸ. ਤਜਿੰਦਰ ਸਿੰਘ ਬਿਰਦੀ, ਬਾਬਾ ਸੁਖਵਿੰਦਰ ਸਿੰਘ ਗਿੱਲ ਆਦਿ ਤੋਂ ਇਲਾਵਾਂ ਭਾਰੀ ਗਿਣਤੀ ਵਿੱਚ ਵੱਖ ਵੱਖ ਭਾਈਚਾਰੇ ਦੇ ਲੋਕ ਸ਼ਾਮਿਲ ਸਨ।

# ਤਾਏ ਨੂੰ ਮਿਲਣੀ ਵਿੱਚ ਮੁੰਦਰੀ ਨਾ ਮਿਲੀ ਤਾਂ ਬਰਾਤ ਬੇਰੰਗ ਪਰਤੀ

ਜਲੰਧਰ, 30 ਅਪ੍ਰੈਲ (ਪੋਸਟ ਬਿਊਰੋ)- ਵਿਆਹ ਦੀ ਮਿਲਣੀ ਵਿੱਚ ਤਾਏ ਨੂੰ ਸੋਨੇ ਦੀ ਮੁੰਦਰੀ ਨਾ ਪਾਉਣ ਤੇ ਦਾਜ ਵਿੱਚ 20 ਲੱਖ ਰੁਪਏ ਨਕਦੀ ਤੇ ਗੱਡੀ ਨਾ ਦੇਣ ਦੇ ਰੋਸ ਵਜੋਂ ਬਰਾਤ ਮੁੜ ਗਈ। ਜਲੰਧਰ ਦੇ ਇਕ ਹੋਟਲ ਵਿੱਚ ਕੱਲ੍ਹ ਰਾਤ ਵਿਆਹ ਦੌਰਾਨ ਹੋਏ ਹੰਗਾਮੇ ਦਾ ਮਾਮਲਾ ਥਾਣਾ ਡਵੀਜ਼ਨ ਨੰਬਰ ਤਿੰਨ ਵਿੱਚ ਪਹੁੰਚ ਗਿਆ।


ਲੜਕੀ ਦੇ ਮਾਪਿਆਂ ਨੇ ਦੱਸਿਆ ਕਿ ਉਹ ਜੰਮੂ ਦੇ ਰਹਿਣ ਵਾਲੇ ਹਨ ਤੇ ਪਿਛਲੇ ਚਾਰ ਮਹੀਨਿਆਂ ਤੋਂ ਜਲੰਧਰ ਆ ਕੇ ਰਹਿ ਰਹੇ ਸਨ। ਇਥੋਂ ਦੇ ਸੋਢਲ ਇਲਾਕੇ ਦੇ ਰੋਹਿਤ ਨਾਂ ਦੇ ਲੜਕੇ ਨਾਲ ਉਨ੍ਹਾਂ ਦੀ ਧੀ ਦਾ ਵਿਆਹ ਤੈਅ ਹੋਇਆ ਸੀ। ਬਰਾਤ ਆਉਣ ਦਾ ਸਮਾਂ 9 ਵਜੇ ਦਾ ਸੀ, ਪਰ ਬਰਾਤ 12 ਵਜੇ ਤੋਂ ਬਾਅਦ ਆਈ। ਜ਼ਿਆਦਾਤਰ ਬਰਾਤੀਆਂ ਨੇ ਸ਼ਰਾਬ ਪੀਤੀ ਹੋਈ ਸੀ। ਲੜਕੀ ਦੀ ਮਾਤਾ ਨੇ ਦੋਸ਼ ਲਾਇਆ ਕਿ ਪਹਿਲਾਂ ਲੜਕੇ ਵਾਲੇ ਮਿਲਣੀ ਵੇਲੇ ਗੁੱਸੇ ਹੋ ਗਏ ਕਿ ਮੁੰਡੇ ਦੇ ਤਾਏ ਦੀ ਮਿਲਣੀ ਨਹੀਂ ਕਰਾਈ ਗਈ ਤੇ ਨਾ ਉਸ ਨੂੰ ਸੋਨੇ ਦੀ ਮੁੰਦਰੀ ਪਾਈ ਹੈ। ਮੁੰਡੇ ਨੇ ਜੈਮਾਲਾ ਪਾਉਣ ਤੋਂ ਇਸ ਲਈ ਨਾਂਹ ਕਰ ਦਿੱਤੀ ਕਿ ਪਹਿਲਾਂ 20 ਲੱਖ ਰੁਪਏ ਨਕਦੀ ਅਤੇ ਗੱਡੀ ਦਿੱਤੀ ਜਾਵੇ। ਵਿਆਹ ਵਾਸਤੇ ਬਣੀ ਸਟੇਜ ਤੋਂ ਖੜ੍ਹ ਕੇ ਉਨ੍ਹਾਂ (ਲੜਕੀ ਵਾਲਿਆਂ) ਦੇ ਪਰਵਾਰ ਨੂੰ ਬੁਰਾ ਭਲਾ ਵੀ ਕਿਹਾ। ਉਨ੍ਹਾਂ ਦੱਸਿਆ ਕਿ ਲੜਕੀ ਦੇ ਪਿਤਾ ਮੁੰਡੇ ਵਾਲਿਆਂ ਦੇ ਪੈਰੀਂ ਪੈ ਗਏ, ਪਰ ਉਹ ਆਪਣੀ ਮੰਗ 'ਤੇ ਅੜੇ ਰਹੇ, ਜੋ ਉਨ੍ਹਾਂ ਵੱਲੋਂ ਪੂਰੀ ਕਰਨੀ ਅਸੰਭਵ ਸੀ। ਮਾਮਲਾ ਵਿਗੜਦਾ ਦੇਖ ਕੇ ਥਾਣਾ ਡਵੀਜ਼ਨ ਨੰਬਰ ਤਿੰਨ ਦੀ ਪੁਲਸ ਨੂੰ ਸੂਚਨਾ ਦਿੱਤੀ ਗਈ। ਪੁਲਸ ਨੇ ਮੌਕੇ 'ਤੇ ਪੁੱਜ ਕੇ ਪੜਤਾਲ ਕੀਤੀ।

ਐਸ ਐਚ ਓ ਭਾਰਤ ਭੂਸ਼ਣ ਦੇ ਮੁਤਾਬਕ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਜਾ ਰਹੀ ਹੈ ਅਤੇ ਲੜਕੀ ਵਾਲਿਆਂ ਵੱਲੋਂ ਦਿੱਤੀ ਸ਼ਿਕਾਇਤ ਦੀ ਪੜਤਾਲ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

# ਟਾਟਾ ਮੋਟਰਜ਼ ਨੇ ਵੀ ਛੋਟੀਆਂ ਡੀਜ਼ਲ ਗੱਡੀਆਂ ਬਣਾਉਣ ਤੋਂ ਤੌਬਾ ਕੀਤੀ

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਮਾਰੂਤੀ-ਸੁਜ਼ੂਕੀ ਕੰਪਨੀ ਵੱਲੋਂ ਅਗਲੇ ਸਾਲ ਅਪ੍ਰੈਲ ਤੋਂ ਡੀਜ਼ਲ ਗੱਡੀਆਂ ਬੰਦ ਕਰਨ ਦੇ ਐਲਾਨ ਪਿੱਛੋਂ ਟਾਟਾ ਮੋਟਰਜ਼ ਨੇ ਵੀ ਛੋਟੀਆਂ ਡੀਜ਼ਲ ਗੱਡੀਆਂ ਤੋਂ ਤੌਬਾ ਕਰਦਿਆਂ ਕਿਹਾ ਕਿ ਉਚੀ ਲਾਗਤ ਕਾਰਨ ਛੋਟੀਆਂ ਗੱਡੀਆਂ ਲਈ ਨਵੇਂ ਸਟੈਂਡਰਡ ਦੇ ਹਿਸਾਬ ਨਾਲ ਡੀਜ਼ਲ ਇੰਜਣ ਡਿਵੈਲਪ ਕਰਨਾ ਲਾਹੇਮੰਦ ਨਹੀਂ ਹੈ, ਕਿਉਂਕਿ ਉਸ ਨਾਲ ਗੱਡੀਆਂ ਦੇ ਮੁੱਲ ਵਧਣਗੇ ਤੇ ਉਨ੍ਹਾਂ ਦੀ ਮੰਗ ਘੱਟ ਰਹੇਗੀ। ਮਾਰੂਤੀ-ਸੁਜ਼ੂਕੀ ਨੇ ਕਿਹਾ ਕਿ ਉਹ ਬੀ ਐਸ-ਛੇ ਸਟੈਂਡਰਡ ਲਾਗੂ ਹੋਣ ਤੋਂ ਬਾਅਦ ਡੀਜ਼ਲ ਗੱਡੀਆਂ ਦੀ ਵਿਕਰੀ ਬੰਦ ਕਰਨ ਦਾ ਕਦਮ ਉਠਾਏਗੀ, ਕਿਉਂਕਿ ਨਵੇਂ ਰੈਗੂਲੇਸ਼ਨਜ਼ ਦੇ ਹਿਸਾਬ ਨਾਲ ਡੀਜ਼ਲ ਇੰਜਣ ਨੂੰ ਅਪਗ੍ਰੇਡ ਕਰਨ ਵਿੱਚ ਮੋਟੀ ਰਕਮ ਖਰਚ ਹੋਵੇਗੀ। ਹੁੰਡਈ ਮੋਟਰ ਇੰਡੀਆ ਅਤੇ ਟੋਇਟਾ ਮੋਟਰ ਤੇ ਫੋਰਡ ਮੋਟਰ ਦੀ ਲੋਕਲ ਯੂਨਿਟਸ ਦਾ ਕਹਿਣਾ ਹੈ ਕਿ ਨਵੇਂ ਸਟੈਂਡਰਡ ਦੀ ਪਾਲਣਾ ਨਾਲ ਖਰਚ ਵਧਣ ਦੇ ਬਾਵਜੂਦ ਉਹ ਭਾਰਤ ਵਿੱਚ ਡੀਜ਼ਲ ਇੰਜਣ ਵਾਲੀਆਂ ਗੱਡੀਆਂ ਵੇਚਦੀਆਂ ਰਹਿਣਗੀਆਂ।

# ਵਾਰਾਨਸੀ ਤੋਂ ਸਮਾਜਵਾਦੀ ਪਾਰਟੀ ਨੇ ਬੀ ਐਸ ਐਫ ਵਾਲੇ ਸਾਬਕਾ ਜਵਾਨ ਨੂੰ ਟਿਕਟ ਦਿੱਤੀ



ਲਖਨਊ, 30 ਅਪ੍ਰੈਲ (ਪੋਸਟ ਬਿਊਰੋ)- ਬੀ ਐਸ ਐਫ ਦੇ ਸਾਬਕਾ ਕਾਂਸਟੇਬਲ ਤੇਜ ਬਹਾਦੁਰ ਯਾਦਵ, ਜਿਸ ਨੂੰ ਖਾਣੇ ਦੇ ਮਿਆਰ ਬਾਰੇ ਸ਼ਿਕਾਇਤ ਕੀਤੇ ਜਾਣ ਮਗਰੋਂ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ, ਨੂੰ ਕੱਲ੍ਹ ਸਮਾਜਵਾਦੀ ਪਾਰਟੀ (ਸਪਾ) ਨੇ ਵਾਰਾਨਸੀ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਆਪਣਾ ਉਮੀਦਵਾਰ ਐਲਾਨਿਆ ਹੈ।

ਸਮਾਜਵਾਦੀ ਪਾਰਟੀ, ਜਿਸ ਨੇ ਬਹੁਜਨ ਸਮਾਜ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਨਾਲ ਗੱਠਜੋੜ ਕੀਤਾ ਹੋਇਆ ਹੈ, ਨੇ ਪਹਿਲਾਂ ਸ਼ਾਲਿਨੀ ਯਾਦਵ ਨੂੰ ਵਾਰਾਨਸੀ ਤੋਂ ਆਪਣਾ ਉਮੀਦਵਾਰ ਐਲਾਨਿਆ ਸੀ। ਕਾਂਗਰਸ ਵੱਲੋਂ ਅਜੈ ਰਾਇ ਵੱਲੋਂ ਵਾਰਾਨਸੀ ਤੋਂ ਚੋਣ ਲੜੀ ਜਾ ਰਹੀ ਹੈ। ਸਮਾਜਵਾਦੀ ਪਾਰਟੀ ਵੱਲੋਂ ਉਮੀਦਵਾਰ ਬਣਾਏ ਜਾਣ ਬਾਰੇ ਪੁੱਛੇ ਜਾਣ 'ਤੇ ਯਾਦਵ ਨੇ ਕਿਹਾ, 'ਭ੍ਰਿਸ਼ਟਾਚਾਰ ਦਾ ਮੁੱਦਾ ਚੁੱਕੇ ਜਾਣ ਉਤੇ ਮੈਨੂੰ ਨੌਕਰੀ ਤੋਂ ਕੱਢਿਆ ਗਿਆ ਸੀ। ਮੇਰਾ ਇਕੋ ਮਕਸਦ ਸੁਰੱਖਿਆ ਬਲਾਂ ਦੀ ਮਜ਼ਬੂਤੀ ਅਤੇ ਭ੍ਰਿਸ਼ਟਾਚਾਰ ਦਾ ਖਾਤਮਾ ਹੈ।'

ਵਰਨਣ ਯੋਗ ਹੈ ਕਿ ਬੀ ਐਸ ਐਫ ਦੇ ਇਸ ਸਾਬਕਾ ਜਵਾਨ ਨੇ 2017 ਵਿੱਚ ਸੋਸ਼ਲ ਮੀਡੀਆ ਉੱਤੇ ਵੀਡੀਓ ਅਪਲੋਡ ਕਰਕੇ ਜੰਮੂ ਕਸ਼ਮੀਰ ਵਿੱਚ ਕੰਟਰੋਲ ਰੇਖਾ 'ਤੇ ਬਰਫੀਲੇ ਪਹਾੜੀ ਇਲਾਕਿਆਂ ਵਿੱਚ ਡਿਊਟੀ ਕਰਦੇ ਜਵਾਨਾਂ ਨੂੰ ਗੈਰ ਮਿਆਰੀ ਖਾਣਾ ਦਿੱਤੇ ਜਾਣ ਦੀ ਸ਼ਿਕਾਇਤ ਕੀਤੀ ਸੀ। ਬਾਅਦ ਵਿੱਚ ਉਸ ਨੂੰ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਹੇਠ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਵਾਰਾਨਸੀ ਵਿੱਚ ਲੋਕ ਸਭਾ ਚੋਣਾਂ ਦੇ ਅੰਤਲੇ ਗੇੜ ਵਿੱਚ 19 ਮਈ ਨੂੰ ਚੋਣਾਂ ਹੋਣਗੀਆਂ।

# ਗੁਆਂਢੀ ਨੇ ਰੰਜਿਸ਼ ਵਿੱਚ ਜੋੜੇ ਉਤੇ ਤੇਜ਼ਾਬ ਸੁੱਟਿਆ

ਕਰਤਾਰਪੁਰ, 30 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਦੇ ਨਾਲ ਲੱਗਦੇ ਪਿੰਡ ਦਿਆਲਪੁਰ ਦੇ ਸੁਮਿਤ ਕੁਮਾਰ ਪੁੱਤਰ ਮਦਨ ਲਾਲ ਜੋਸ਼ੀ ਨੇ ਕੱਲ੍ਹ ਸਥਾਨਕ ਸਿਵਲ ਹਸਪਤਾਲ ਵਿੱਚ ਇਲਾਜ ਅਧੀਨ ਆਪਣੀ ਪਤਨੀ ਰੋਜ਼ੀ ਨਾਲ ਪੱਤਰਕਾਰਾਂ ਨੂੰ ਦੱਸਿਆ ਕਿ ਕੱਲ੍ਹ ਬਾਅਦ ਦੁਪਹਿਰ ਉਹ ਆਪਣੇ ਘਰ ਦੇ ਨਾਲ ਆਪਣੇ ਪਲਾਟ ਵਿੱਚ ਕਿਆਰੀਆਂ ਤੋਂ ਪੁਦੀਨੀ ਤੋੜ ਰਹੇ ਸਨ ਕਿ ਉਨ੍ਹਾਂ ਦੇ ਘਰ ਦੇ ਨਾਲ ਲੱਗਦੇ ਘਰ ਵਿੱਚ ਉਸ ਦੀ ਹੀ ਰਿਸ਼ਤੇਦਾਰ ਨਵਜੋਤ ਕੌਰ ਤੇ ਉਸ ਦੀ ਮਾਂ ਪਰਮਜੀਤ ਕੌਰ ਨੇ ਉਨ੍ਹਾਂ ਦੇ ਉਪਰ ਘਰ ਦੀ ਛੱਤ ਤੋਂ ਤੇਜ਼ਾਬ ਸੁੱਟ ਕੇ ਝੁਲਸਾ ਦਿੱਤਾ।

ਇਸ ਸੰਬੰਧ ਵਿੱਚ ਉਨ੍ਹਾਂ ਨੇ ਦੱਸਿਆ ਕਿ ਉਕਤ ਨਵਜੋਤ ਕੌਰ ਉਨ੍ਹਾਂ ਦੇ ਭਾਂਣਜੇ ਪ੍ਰਦੀਪ ਕੁਮਾਰ ਦੀ ਪਤਨੀ ਹੈ ਤੇ ਆਪਣੀ ਮਾਂ ਨਾਲ ਉਨ੍ਹਾਂ ਦੇ ਭਾਂਣਜੇ ਦੇ ਘਰ ਵਿੱਚ ਹੀ ਰਹਿੰਦੀ ਹੈ, ਜਦ ਕਿ ਉਨ੍ਹਾਂ ਦੀ ਭੈਣ ਮਨਜੀਤ ਕੌਰ ਤੇ ਭਾਂਣਜਾ ਵੱਖ ਰਹਿੰਦੇ ਹਨ। ਇਸ ਸੰਬੰਧੀ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ। ਰੰਜਿਸ਼ ਕਾਰਨ ਉਨ੍ਹਾਂ 'ਤੇ ਤੇਜ਼ਾਬ ਸੁੱਟ ਕੇ ਜ਼ਖਮੀ ਕੀਤਾ ਗਿਆ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Tri-City Professional Realty Inc., Brokerage.
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.

FOR SALE — Photo Not Available — $129,900 — Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE — $969,900 — Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

FOR SALE — $799,900 — Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE — $3,249,000 — Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

DASS BROTHERS
SMART TRUCK TRAINING ACADEMY
SHER
GT20 CANADA
PIZZA DEPOT www.pizzadepot.ca
WATNO DUR NETWORK RADIO & TV
SAMOSA AND SWEET FACTORY
apna taste A Healthy Choice
TEEYAN ਦਾ ਮੇਲਾ
12th May, 2019 Sunday
CAA Centre Brampton
(FORMERLY KNOWN AS POWERADE CENTRE)
Sukhi Nijjar
905-799-0999

# TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- ✓Diabetes
- ✓Low Energy
- ✓Depression
- ✓Anxiety
- ✓Gout
- ✓Disc Pain
- ✓Prostatitis
- ✓High Blood Pressure
- ✓Cron's Disease
- ✓Colitis
- ✓Stress
- ✓Acid Reflux
- ✓Digestive
- ✓Sleep Disorder

1st Month Discount

FREE CONSULTATION: 905-415-6999

30 Wertheim court, Unit 11, Richmond Hill

TOTAL HOME Windows & Doors ਮਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- •WINDOWS •FIBERGLASS DOORS
- •STEEL DOORS •SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

jobs! jobs! jobs! jobs! jobs!

DUNDAS·JAFINE

# HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200


ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਮੂੰਹੋ ਬੋਲਦੀ Kitchen and Washroom ਬਣਵਾਓ

# Pearson
Kitchen & Cabinet

Free Estimate
We Specialize in granite, quartz & marble countertops





We Specialize In: 100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

NEW

NATION-WIDE. NO ZONES.
TALK, TEXT & DATA PLANS
$35/MO.

Data everywhere.
No surprise charges
anywhere.

chatr™ AUTHORIZED DEALER

379 Main St. North, Brampton, ON

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

